ੴ ਸਤਿਗੁਰ ਪ੍ਰਸਾਦਿ

ਗੁਰੂ ਨਾਨਕ ਦੇਵ ਮਿਸ਼ਨ ਸੀਰੀਜ਼ 395

# ਨਨਕਾਣਾ ਸਾਹਿਬ ਦੇ ਬੀਤੇ ਸਮੇਂ ਤੇ

# ਇਕ ਝਾਤ

ਨਰੈਣ ਸਿੰਘ

ਸਾਬਕਾ ਮੈਨੇਜਰ, ਨਨਕਾਣਾ ਸਾਹਿਬ

ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ

ਡਾਕ ਘਰ ਸਨੌਰ ਪਟਿਆਲਾ।

ਪੰਜਾਬ ਇੰਡੀਆ

ਮਖ ਭੇਢ ਰੂਪ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਨਨਕਾਣਾ ਸਾਹਿਬ ਦੇ ਬੀਤੇ ਸਮੇਂ ਤੇ ਇਕ ਝਾਤ

ਪੰਜ ਸੌ ਵਰਸ਼ ਪਹਿਲੋਂ ਈਸਵੀ ਸੰਮਤ ਦਾ 1469ਵਾਂ ਸਾਲ ਸੀ ਜਦੋਂ ਰਾਇ ਭੋਇ ਦੀ ਤਲਵੰਡੀ ਜਿਸ ਨੂੰ ਅਜ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ, ਵਿਖੇ ਮਹਿਤਾ ਕਾਲੂ ਦੇ ਘਰ ਮਾਤਾ ਤ੍ਰਿਪਤਾ ਦੀ ਕੁਖ ਤੋਂ ਇਕ ਬਾਲਕ ਜਨਮਿਆ ਜਿਸ ਦਾ ਨਾਮ ਮਾਪਿਆਂ ਨੇ ਨਾਨਕ ਧਰਿਆ। ਪਾਰਬ੍ਰਹਮ ਪਰਮੇਸ਼ਰ ਨੇ ਕਲਾ ਵਰਤਾਈ ਅਤੇ ਆਪਨੀ ਜੋਤਿ ਦਾ ਪਰਵੇਸ਼ ਬਾਲਕ ਨਾਨਕ ਦੇ ਸਰੀਰ ਅੰਦਰ ਕਰ ਦਿਤਾ ਅਤੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਇਉਂ ਉਹ ਬਾਲਕ 'ਸਤਿਗੁਰ ਨਾਨਕ' ਹੋ ਪ੍ਰਗਟਿਆ।

ਪਾਰਬ੍ਰਹਮ ਪਰਮੇਸ਼ਰ ਜਨਮ ਮਰਨ ਤੋਂ ਰਹਿਤ ਹੈ ਨ ਉਸ ਦਾ ਕੋਈ ਆਕਾਰ ਮਿਥਿਆ ਜਾ ਸਕਦਾ ਹੈ ਪਰੰਤੂ ਸੰਸਾਰ ਦੇ ਲੋਕਾ ਦੀ ਸੂਝ ਲਈ ਉਹ ਆਪਣੀ ਜੋਤਿ (Light) ਦਾ ਪਰਵੇਸ਼ ਕਿਸੇ ਸਰੀਰ ਅੰਦਰ ਕਰਦਾ ਹੈ ਜਿਸ ਜੋਤਿ ਸਦਕਾ ਉਹ ਸਰੀਰ ਸਤਿਗੁਰੂ ਕਰਕੇ ਜਾਣਿਆ ਜਾਂਦਾ ਹੈ। ਇਸ ਅਨੁਸਾਰ ਹੀ ਜਦੋਂ ਨਿਰੰਕਾਰ ਦੀ ਜੋਤਿ ਦਾ ਪਰਵੇਸ਼ ਮਹਿਤਾ ਕਾਲੂ ਦੇ ਪੁਤਰ ਨਾਨਕ ਵਿਚ ਹੋਇਆ ਤਾਂ ਉਹ ਸਤਿਗੁਰੂ ਨਾਨਕ



Sri Satguru Jagjit Singh Ji eLibrary NamdhariElibrary@gmail.com

ਕਹੇ ਗਏ। ਸੱਤਰ ਸਾਲ ਪਿਛੋਂ ਜਦੋਂ ਸਤਿਗੁਰੂ ਨਾਨਕ ਨੇ ਆਪਣੇ ਅੰਦਰਲੀ ਜੋਤਿ ਦਾ ਪਰਵੇਸ਼ ਭਾਈ ਲਹਿਣਾ ਜੀ ਦੇ ਸਰੀਰ ਅੰਦਰ ਕਰ ਦਿਤਾ ਤਾਂ ਭਾਈ ਲਹਿਣਾ ਸਤਿਗੁਰੂ ਜਾਣੇ ਗਏ ਇਉਂ ਹੀ ਇਹ ਜੋਤਿ ਅਠ ਹੋਰ ਸਰੀਰਾਂ ਅੰਦਰ ਰਮਦੀ ਰਹੀ ਅਤੇ ਦਸਵੇਂ ਜਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਾ ਪਰਵੇਸ਼ ਜੁਗੋ ਜੁਗ ਅਟੱਲ ਆਦਿ ਗ੍ਰੰਥ ਸਾਹਿਬ ਅੰਦਰ ਕਰ ਕੇ ਆਦਿ ਗ੍ਰੰਥ ਦਾ ਗੁਰੂ ਗ੍ਰੰਥ ਸਾਹਿਬ ਹੋਣਾ ਨਿਸਚੈ ਕੀਤਾ ਕਿਉਂਕਿ ਗੁਰ ਨਾਨਕ ਜੀ ਦੇ ਕਥਨ ਅਨੁਸਾਰ ਜੋਤਿ ਦਾ ਪ੍ਰਗਟ ਰੂਪ ਗੁਰੂ ਸ਼ਬਦ ਹੀ ਹੈ।

ਸ਼ਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸ਼ਬਦੈ ਜਗ ਬਉਰਾਨੰ 635

ਜਿਸ ਦੀ ਪੁਸ਼ਟੀ ਗੁਰੂ ਰਾਮ ਦਾਸ ਜੀ ਨੇ

ਬਾਣੀਗੁਰੂ ਗੁਰੂ ਹੈ ਬਾਣੀ 982

ਕਹਿ ਕੇ ਕੀਤੀ ਅਤੇ ਇਸ ਨੂੰ ਸਪਸ਼ਟ ਕਰਨ ਲਈ ਤਾਂਕਿ ਕਿਸੇ ਮਨੁਖੀ ਸਰੀਰ ਨੂੰ ਗੁਰੂ ਨਾ ਸਮਝਿਆ ਜਾਏ ਗੁਰੂ ਅਰਜਨ ਦੇਵ ਜੀ ਨੇ ਕਿਹਾ ਸ਼ੀ

ਮਾਨੁਖ ਕਾ ਕਰਿ ਰੂਪ ਨ ਜਾਨੁ 895

ਪਰ ਨਿਰੰਕਾਰੀ ਜੋਤਿ ਦੇ ਮਨੁਖੀ ਸਰੀਰ ਅੰਦਰ ਪਰਵੇਸ਼ ਹੋ ਕੇ ਵਿਚਰਨ ਦੀ ਲੋੜ ਕਿਉਂ ਪਈ। ਇਸ ਦਾ ਜਵਾਬ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ ਕੁਝ ਇਉਂ ਮਿਲਦਾ ਹੈ।

'ਉਠੀ ਗਿਲਾਨ ਜਗਤ ਵਿਚ ਹਉਮੈ ਅੰਦਰ ਜਲੇ ਲੁਕਾਈ...
ਭਏ ਬੇਅਦਲੀ ਪਾਤਸ਼ਾਹ ਕਲਿਕਾਤੀ ਉਮਰਾਵ ਕਸਾਈ...
ਕਰਮ ਭ੍ਰਸ਼ਟ ਸਭ ਭਈ ਲੁਕਾਈ
'ਵਰਨਾ ਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ :'
'ਕਿਸੈ ਪੂਜਾਈ ਸਿਲਾ ਸੁੰਨ ਕੋਈ ਗੋਰੀ' ਮੜੀ ਪੁਜਾਵੈ



Sri Satguru Jagjit Singh Ji eLibrary NamdhariElibrary@gmail.com

ਜੰਤ੍ਰ ਮੰਤ੍ਰ ਪਾਖੰਡ ਕਰ ਕਲਹ ਕ੍ਰੋਧ ਬਹੁ ਵਾਦ ਵਧਾਵੈ
ਆਪੋ ਧਾਪੀ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ
ਕੋਈ ਪੂਜੈ ਚੰਦ ਸੂਰ ਕੋਈ ਧਰਤ ਅਕਾਸ਼ ਮਨਾਵੈ
ਪਉਣ ਪਾਣੀ ਬੈਸੰਤਰੋ ਧਰਮ ਰਾਜ ਕੋਈ ਤ੍ਰਿਪਤਾਵੈ
ਫੋਕਟ ਧਰਮੀ ਭਰਮ ਭੁਲਾਵੈ,

ਪੁਨਾ : ਚਾਰ ਵਰਨ ਚਾਰ ਮਜ਼ਹਬਾਂ ਜਗ ਵਿਚ ਹਿੰਦੂ ਮੁਸਲਮਾਣੇ
ਖੁਦੀ ਬਖੀਲੀ ਤਕਬਰੀ ਖਿਚੋਤਾਣ ਕਰੇਨ ਧਿਙਾਣੇ
ਗੰਗ ਬਨਾਰਸ ਹਿੰਦੂਆਂ ਮਕਾ ਕਾਬਾ ਮੁਸਲਮਾਣੇ
ਸੁੰਨਤ ਮੁਸਲਮਾਨ ਦੀ ਤਿਲਕ ਜੰਞੂ ਹਿੰਦੂ ਲੋਭਾਣੇ...
ਸਚ ਕਿਨਾਰੇ ਰਹਿ ਗਯਾ ਖਹਿ ਮਰਦੇ ਬਾਮਣ ਮਉਲਾਣੇ,

ਅਗੇ ਜਾ ਕੇ ਭਾਈ ਗੁਰਦਾਸ ਜੀ ਦਸਦੇ ਹਨ ।

ਬਾਬਾ ਦੇਖੈ ਧਯਾਨ ਧਰ ਜਲਤੀ ਸਭ ਪ੍ਰਿਥਵੀ ਦਿਸ ਆਈ
ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ
ਅਤੇ ਕਲ ਆਈ ਕੁਤੇ ਮੁਹੀਂ ਖਾਜ ਹੋਆ ਮੁਰਦਾਰ ਗੁਸਾਈ
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ
ਪਰਜਾ ਅੰਧੀ ਗਿਆਨ ਬਿਨ ਕੂੜ ਕੁਸੱਤ ਮੁਖਹੁ ਆਲਾਈ...
ਕਾਜੀ ਹੋਏ ਰਿਸ਼ਵਤੀ ਵਢੀ ਲੈ ਕੇ ਹਕ ਗਵਾਈ
ਇਸਤਰੀ ਪੁਰਖੈ ਦਾਮ ਹਿਤ ਭਾਵੇਂ ਆਇ ਕਿਥਾਊਂ ਜਾਈ
ਵਰਤਿਆ ਪਾਪ ਸਭਸ ਜਗ ਮਾਂਹੀ

ਅਜੇਹੀ ਲੋਕ ਦਸ਼ਾ ਦਾ ਚਿਤਰ ਗੁਰੂ ਨਾਨਕ ਜੀ ਦੇ ਆਪਣੇ ਸ਼ਬਦਾਂ ਵਿਚ ਵੀ ਇਉਂ ਮਿਲਦਾ ਹੈ ।

'ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ
ਕੂੜ ਅਮਾਵਸ ਸਚੁ ਚੰਦ੍ਰਮਾਂ ਦੀਸੈ ਨਾਹੀ ਕਹ ਚੜਿਆ
ਹਉ ਭਾਲਿ ਵਿਕੁੰਨੀ ਹੋਈ-ਆਂਧੇਰੈ ਰਾਹੁ ਨ ਕੋਈ 145

ਅਤੇ ਹਾਕਮਾਂ ਬਾਰੇ ਇਉਂ ਦਸਦੇ ਹਨ ।



Sri Satguru Jagjit Singh Ji eLibrary NamdhariElibrary@gmail.com

ਰਾਜੇ ਸ਼ੀਂਹ ਮੁਕਦਮ ਕੁਤੇ - ਜਾਇ ਜਗਾਇਨਿ ਬੈਠੇ ਸੁਤੇ

ਚਾਕਰ ਨਹਦਾ ਪਾਇਨਿ ਘਾਉ-ਰਤੁ ਪਿਤੁ ਕੁਤਹੋ ਚਟ ਜਾਹੁ 1288

ਅਤੇ ਰਾਜ ਦਰਬਾਰੋਂ ਧਰਮ ਨਿਆਂ ਦੀ ਗੱਲ ਇਉਂ ਦਸੀ ਹੈ।

'ਰਾਜਾ ਨਿਆਉ' ਕਰੇ ਹਥ ਹੋਇ

ਕਹੈ ਖੁਦਾਇ ਨ ਮਾਨੈ ਕੋਇ

ਅਰਥਾਤ ਤਲੀ ਗਰਮ ਹੋਇ ਬਗੈਰ ਇਨਸਾਫ ਦੀ ਆਸ ਰਖਨੀ ਫਜ਼ੂਲ ਹੈ

ਲੋਕ ਦਸ਼ਾ ਦਾ ਵਰਨਣ ਸਮੁਚੇ ਤੌਰ ਇਉਂ ਕੀਤਾ ਹੈ।

ਰੰਨਾ ਹੋਈਆਂ ਬੋਧੀਆ ਪੁਰਸ਼ ਹੋਏ ਸਈਆਦ

ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ

ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ 1243

ਬਾਬਰ ਦੇ ਹਿੰਦੁਸਤਾਨ ਉਪਰ ਹਮਲੇ ਸਮੇਂ ਦਾ ਲੋਕ ਚਿਤਰ ਵੀ ਇਉਂ ਚਿਤਰਿਆ ਹੈ।

'ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨ ਵੇ ਲਾਲੋ

ਕਾਜੀਆਂ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ...

ਖੂਨ ਕੇ ਸੋਹਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ 722

ਬਾਬਰ ਦਾ ਆਪਣੇ ਆਦਮੀਆਂ ਪ੍ਰਤੀ ਇਸਤਰੀ ਜਾਤੀ ਬਾਰੇ ਹੁਕਮ ਇਉਂ ਲਿਖਿਆ ਮਿਲਦਾ ਹੈ।

'ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ'

ਉਕਤ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਦੇਸ਼ ਦੀ ਹਾਲਤ ਅਤਿ ਬਿਖੜੀ ਸੀ, ਨ ਕਿਸੇ ਦੀ ਇੱਜ਼ਤ ਮਹਿਫੂਜ਼ ਸੀ ਨ ਧਨ ਪਦਾਰਥ ਬਾਰੇ ਕੋਈ ਗੁੰਟੀ ਅਤੇ ਨ ਰਾਜ ਸਮਾਜ ਵਲੋਂ ਧਰਮ ਨਿਆਂ ਮਿਲਣ ਦੀ ਕੋਈ ਆਸ, ਸਮੁਚਾ ਵਰਤਾਰਾ ਕੂੜ ਕੁਸੱਤ ਤੇ ਜਬਰ ਜ਼ੋਰ ਦਾ ਸੀ । ਭ੍ਰਿਸ਼ਟਾਚਾਰ ਸਿਖਰ ਤੇ ਪੁਜਾ



Sri Satguru Jagjit Singh Ji eLibrary NamdhariElibrary@gmail.com

ਹੋਇਆ ਸੀ, ਮਨੁਖ ਰੁਚੀ ਕੁੱਤੇ ਜੇਹੀ ਇਕ ਦੂਜੇ ਦੇ ਗਲ ਪੈਣ ਦੀ ਸੀ। ਦੀਨ ਧਰਮ ਵਾਲੀ ਗੱਲ ਅਵੱਲ ਤਾਂ ਸੀ ਹੀ ਨਹੀਂ ਅਤੇ ਜੇ ਸੀ ਤਾਂ ਨਿਰਾ ਵਿਖਾਵਾ, ਪਖੰਡ ਤੇ ਠਗੀ ਠੋਰੀ। ਸਧਾਰਨ ਤੇ ਅਗਿਆਤ ਲਕਾਂ ਨੂੰ ਲੁੱਟਣ ਤ ਝੰਭੋੜ ਕਰਨ ਲਈ। ਅਜਿਹੇ ਅਖਾੜੇਤੀ ਧਰਮਾਂ ਦੇ ਠੇਕੇਦਾਰ ਵੀ ਬੇਅੰਤ ਤੇ ਆਪੋ ਆਪ ਸਨ ਅਤੇ ਹਰ ਕੋਈ ਆਪਣੀ ਦੁਕਾਨ ਦਾ ਹੀ ਢੰਡੋਰਾ ਪਿਟ ਰਿਹਾ ਸੀ ਜਿਸ ਨੇ ਉਨਾਂ ਵਿਚਾਲੇ ਸ਼ਰੀਕੇ ਵਾਲੀ ਸਥਿਤੀ ਪੈਦਾ ਕਰ ਰਖੀ ਹੋਈ ਸੀ। ਦੇਸ਼ ਦੀਆਂ ਦੋਵੇਂ ਮਨੁਖ ਜਾਤੀਆਂ ਹਿੰਦੂ ਮੁਸਲਮਾਨ ਇਕ ਦੂਜ ਨੂੰ ਵੇਖ ਨਹੀਂ ਸੁਖਾਂਦੇ ਸਨ ਹਿੰਦੂ ਮੁਸਲਮਾਨ ਨੂੰ ਮਲੇਛ ਕਹਿੰਦਾ ਤੇ ਉਸ ਦੀ ਭਿਟ ਮੰਨਦਾ ਸੀ ਅਤੇ ਮੁਸਲਮਾਨ ਹਿੰਦੂ ਨੂੰ ਕਾਫਰ ਕਾਫਰ ਕਹਿ ਕੇ ਮਾਰਦਾ ਸੀ, ਦੇਸ ਅੰਦਰ ਉਸ ਦੀ ਗਿਣਤੀ ਅਤਿ ਥੋੜੀ ਹੋਣ ਦੇ ਬਾਵਜੂਦ ਰਾਜ ਭਾਗ ਮੁਸਲਮਾਨ ਦੇ ਹਥ ਸੀ ਅਤੇ ਹਿੰਦੂ ਬਹੁਤ ਵਡੀ ਗਿਣਤੀ ਵਿਚ ਹੁੰਦਾ ਹੋਇਆ ਵੀ ਮੁਸਲਮਾਨ ਦੀ ਨਿਜਸ ਜੇਹੀ ਪਰਜਾ ਸੀ ਜਿਸ ਦਾ ਵਿਸ਼ਲੇਸ਼ਨ ਭਾਈ ਗੁਰਦਾਸ ਨੇ ਇਕ ਸਤਰ ਵਿਚ ਇਉਂ ਕੀਤਾ ਹੈ ;

**ਵਰਨਾ ਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ'**

ਹਿੰਦੁਸਤਾਨੀ ਜਨਤਾ ਦੀ ਆਪਸੀ ਖਹਿ ਬਖਹਿ ਹੀ ਕਾਰਨ ਸੀ, ਉਤਰ ਪਛਮੋਂ ਮੁਸਲਮਾਨੀ ਧਾੜਵੀਆਂ ਤੇ ਲੁਟੇਰਿਆਂ ਦੇ ਉਤਰਨ ਅਤੇ ਹਿੰਦ ਦੀ ਲੁਟ ਖਸੁਟ ਕਰ ਲੈ ਜਾਣ ਦਾ। ਜਦੋਂ ਉਹਨਾਂ ਨੂੰ ਹਿੰਦ ਵਾਸੀਆਂ ਦੀ ਸਾਹਸ ਹੀਨਤਾ ਦਾ ਯਕੀਨ ਹੋ ਗਿਆ ਤਾਂ ਉਨਾਂ ਇਸ ਨੂੰ ਪਕੇ ਤੌਰ ਆਪਣੀ ਵਿਰਾਸਤ ਬਣਾ ਲੈਣ ਦਾ ਨਿਸਚਾ ਧਾਰਿਆ ਅਤੇ ਇਥੇ ਹਕੂਮਤਾਂ ਕਾਇਮ ਕਰ ਲਈਆਂ। ਪੰਦਰਵੀਂ ਸਦੀ



Sri Satguru Jagjit Singh Ji eLibrary NamdhariElibrary@gmail.com

ਅਤੇ ਸੋਲਵੀਂ ਦੇ ਅਰੰਭ ਵਿਚ ਏਥੇ ਲੋਧੀ ਘਰਾਣੇ ਦਾ ਬੋਲ ਬਾਲਾ ਸੀ ਜਿਨ੍ਹਾਂ ਤੋਂ ਮੁਗਲ ਬਾਬਰ ਨੇ ਰਾਜ ਭਾਗ ਖੋਹਿਆ ਸੀ। ਬਾਬਰ ਦੇ ਹਮਲੇ ਸਮੇਂ ਗੁਰੂ ਨਾਨਕ ਦੇਵ ਜੀ ਪੰਜਾ ਬਦੇ ਸ਼ਹਿਰ ਏਮਨਾਬਾਦ ਭਾਈ ਲਾਲੋ ਪਾਸ ਠਹਿਰੇ ਹੋਏ ਸਨ। ਬਾਬਰ ਨੇ ਜੋ ਬਾਬ ਏਮਨਾਬਾਦ ਦੀ ਬਣਾਈ ਅਤੇ ਜਿਸ ਤਰਾਂ ਇਸ ਨੂੰ ਸਾੜਿਆ ਫੂਕਿਆ ਅਤੇ ਬੇ ਦੋਸੇ ਲੋਕਾਂ ਦੀ ਕਤਲਾਮ ਕੀਤੀ ਉਸਦਾ ਜੋ ਪ੍ਰਭਾਵ ਗੁਰੂ ਜੀ ਦੇ ਮਨ ਤੇ ਪਿਆ ਉਸ ਦਾ ਨਕਸ਼ਾ ਇਕ ਸਤਰ ਵਿਚ ਜੋ ਆਪ ਨੇ ਗਿਲੇ ਵਜੋਂ ਨਿਰੰਕਾਰ ਪ੍ਰਤੀ ਕਹੀ ਇਉਂ ਚਿਤਰਿਆ ਹੈ।

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦ ਨ ਆਇਆ 360

ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਦੇਸ ਦੀ ਸਥਿਤੀ ਦਾ ਏਨਾ ਕੁ ਨਿਰਣਾ ਦੇ ਕੇ ਅਸੀਂ ਹੁਣ ਸੰਖੇਪ ਸ਼ਬਦਾਂ ਵਿਚ ਉਨ੍ਹਾਂ ਬਾਰੇ ਕੁਝ ਕਹਿੰਦੇ ਹਾਂ: ਨਾਨਕ ਮਹਿਤਾ ਕਾਲੂ ਜੀ ਦਾ ਵਡਾ ਆਗਿਆਕਾਰ ਪੁੱਤਰ, ਮਾਂ ਤ੍ਰਿਪਤਾ ਦੀਆਂ ਅੱਖਾਂ ਦਾ ਤਾਰਾ ਅਤੇ ਭੈਣ ਨਾਨਕੀ ਦੇ ਸਿਦਕ ਤੇ ਭਰੋਸੇ ਦਾ ਕਦੀ ਨ ਡੋਲਣ ਵਾਲਾ ਸਹਾਰਾ ਸੀ। ਜੇ ਪਿਤਾ ਨੇ ਡੰਗਰ ਚੁਗਾਉਣ ਨੂੰ ਕਿਹਾ ਤਾਂ ਇਨਕਾਰ ਨਹੀ, ਜੇ ਸਤ ਸਾਲ ਦੀ ਉਮਰ ਵਿਚ ਤਲਵੰਡੀ ਦੀ ਪਾਠਸ਼ਾਲਾ ਅੰਦਰ ਪੰਡਤ ਪਾਸ ਪੜ੍ਹਨੇ ਪਾਇਆ ਗਿਆ ਜਾਂ ਉਸ ਪਿਛੋਂ ਬ੍ਰਿਜਨਾਥ ਪਾਸ ਸੰਸਕ੍ਰਿਤ ਪੜ੍ਹਣ ਭੇਜੇ ਗਏ ਅਤੇ ਫਿਰ ਮੌਲਵੀ ਪਾਸ ਫਾਰਸੀ ਪੜ੍ਹਣ ਭੇਜਿਆ ਗਿਆ ਤਾਂ ਖੁਸ਼ੀ-੨ ਪੜ੍ਹਣ ਜਾਂਦੇ ਰਹੇ ਜੇ ਨੌਂ ਸਾਲ ਦੀ ਅਵਸਥਾ ਸਮੇਂ ਜਨੇਊ ਪਾਉਣ ਨੂੰ ਕਿਹਾ ਗਿਆ ਜਾ ਖੇਤੀ ਕਰਣ, ਹਟੀ ਬੈਠਣ, ਸੌਦਾਗਰੀ ਜਾਂ ਨੌਕਰੀ ਕਰਨ ਨੂੰ ਕਿਹਾ ਗਿਆ ਤਾ ਆਪ ਇਕ ਆਗਿਆਕਾਰ ਪੁਤਰ



Sri Satguru Jagjit Singh Ji eLibrary NamdhariElibrary@gmail.com

ਦੀ ਨਿਆਈਂ ਹਰ ਗਲ ਲਈ ਤਿਆਰ ਵੇਖੇ ਗਏ ਪ੍ਰੰਤੂ ਪਿਤਾ ਕਾਲੂ ਅਤੇ ਹੋਰ ਜਿਸ-੨ ਨਾਲ ਭੀ ਸੰਪਰਕ ਹੋਇਆ ਉਨ੍ਹਾਂ ਨੂੰ ਸੰਬੰਧਤ ਕਾਰਜ ਦੇ ਕਰਨ ਦੀ ਓਹ ਵਿਧੀ ਸਮਝਾਈ ਜਿਸ ਨੂੰ ਨਾਨਕ ਜੀ ਠੀਕ ਸਮਝਦੇ ਸਨ ਉਦਾਹਰਨ ਮਾਤਰ ਜੇ ਆਪ ਨੂੰ ਜਨੇਊ ਪਹਿਨਾਉਣ ਲਈ ਪੰਡਤ ਆਇਆ ਤਾਂ ਉਸ ਨੂੰ ਦਇਆ ਕਪਾਹ ਸੰਤੋਖੁ ਸੂਤ ਜਤੁ ਗੰਢੀ ਸਤੁ ਵਟ, ਵਾਲੇ ਜਨੇਊ ਦੀ ਬਣਤਰ ਸਮਝਾਉਂਦੇ ਹਇ ਕਿਹਾ :

'ਏਹੁ ਜਨੇਊ ਜੀਅ ਕਾ ਹਈ ਤਾਂ ਪਾਂਡੇ ਘਤਿ'

ਜੇ ਪਿਤਾ ਨੇ ਖੇਤੀ ਕਰਨ, ਹਟ ਬੈਠਣ, ਘੋੜਿਆਂ ਦਾ ਵਪਾਰ ਜਾ ਨੌਕਰੀ ਕਰਨ ਨੂੰ ਕਿਹਾ ਤਾਂ ਆਪ ਹਰ ਗਲ ਲਈ ਤਿਆਰ ਪਾਏ ਗਏ ਪ੍ਰੰਤੂ ਜਿਸ ਕਿਸਮ ਦੇ ਖੇਤੀ ਵਪਾਰ ਨੌਕਰੀ ਆਦ ਉਹ ਕਰਨਾ ਚਾਹੁੰਦੇ ਸਨ ਉਹ ਨਿਆਰੀ ਕਿਸਮ ਦੇ ਸਣ। ਜੋ ਦੁਨੀਆ ਦਾਰੀ ਸੋਚਣੀ ਨਾਲ ਮੇਲ ਨਹੀਂ ਖਾਂਦੇ ਸਨ।

ਉਹ ਆਪਣੀ ਉਮਰ ਦੇ ਬਚਿਆਂ ਨਾਲ ਖੇਡਦੇ ਮਲ੍ਹਦੇ ਵੀ ਜ਼ਰੂਰ ਹੋਣਗੇ ਜਿਸ ਦਾ ਸਬੂਤ ਨਨਕਾਣਾ ਸਾਹਿਬ ਅੰਦਰ ਉਨ੍ਹਾਂ ਦੇ ਖੇਡਣ ਦੀ ਥਾਉਂ ਗੁਰਦੁਆਰਾ ਬਾਲ ਲੀਲਾ ਦਾ ਮੌਜੂਦ ਹੋਣਾ ਹੈ ਪ੍ਰੰਤੂ ਹੋਰ ਗਲਾਂ ਵਾਂਗ ਉਨ੍ਹਾਂ ਦੀ ਖੇਡ ਵੀ ਨਿਆਰੀ ਕਿਸਮ ਦੀ ਸੀ। ਘਰ ਵਿਚ ਅਤੇ ਘਰੋਂ ਬਾਹਰ ਵੀ ਉਹ ਆਪਣੇ ਆਪ ਵਿਚ ਹੀ ਮਸਤ ਵੇਖੇ ਜਾਂਦੇ ਸਨ। ਅਤੇ ਉਹਨਾਂ ਦੀ ਸੁਰਤ ਉਠਦੇ ਬੈਠਦ ਖੇਡਦੇ ਜਾਂ ਕੋਈ ਵਿਹਾਰ ਕਰਦੇ ਨਿਰੰਕਾਰ ਅੰਦਰ ਜੁੜੀ ਰਹਿੰਦੀ ਸੀ। ਜੇ ਮਾਂ ਤ੍ਰਿਪਤਾ ਜੀ ਨੇ ਉਨ੍ਹਾਂ ਦੀ ਅਜੇਹੀ ਦਸ਼ਾ ਤੇ ਚਿੰਤਾ ਪ੍ਰਗਟ ਕਰਦੇ ਹੋਏ ਉਨ੍ਹਾਂ ਨੂੰ ਕੁਝ ਕਿਹਾ ਜਾਂ ਪੁਛਿਆ ਤਾਂ ਆਪ ਨੇ ਮਾਤਾ ਨੂੰ ਦਸਿਆ।



Sri Satguru Jagjit Singh Ji eLibrary NamdhariElibrary@gmail.com

'ਆਖਾ ਜੀਵਾ ਵਿਸਰੈ ਮਰਿ ਜਾਉ' ਅਤੇ 'ਸਾਚੇ ਨਾਮ ਕੀ ਲਾਗੈ ਭੂਖ' 9
ਅਜੇਹਾ ਨਾਮ ਮੈਂ ਕਿਵੇਂ ਭੁੱਲ ਸਕਦਾ ਹੈ - 'ਸੋ ਕਿਉ ਵਿਸਰੈ ਮੇਰੀ ਮਾਇ,'

ਜੇ ਆਪ ਦੀ ਨਿਰੰਤਰ ਐਸੀ ਦਸ਼ਾ ਨੂੰ ਵੇਖਦੇ ਹੋਇ ਕਿਸੇ ਉਨਾਂ ਬਾਰੇ ਵਧ ਘਟ ਕਿਹਾ ਭੀ ਤਾਂ ਆਪ ਨੇ ਗੋਲਿਆ ਨਹੀਂ ਬਲਕਿ ਇਥੋਂ ਤਕ ਕਹਿ ਦਿਤਾ।

'ਕੋਈ ਆਖੈ ਭੂਤਨਾ ਕੋਈ ਕਹੈ ਬੇਤਾਲਾ-ਕੋਈ ਆਖੈ ਆਦਮੀ ਨਾਨਕ ਵੇਚਾਰਾ

ਪਰ ਮੈਂ ਤਾਂ ਪਰਮੇਸ਼ਰ ਦੇ ਨਾਮ ਦੀ ਦੀਵਾਨਗੀ ਅੰਦਰ ਹੋਰ ਸਭ ਕੁਝ ਭੁੱਲ ਚੁਕਾ ਹਾਂ

ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ - ਹਉ ਹਰਿ ਬਿਨੁ ਅਵਰੁ ਨ ਜਾਨਾ 991

ਫਿਰ ਆਪ ਆਪਣੇ ਨਿਰੰਕਾਰ ਨੂੰ ਮੁਖਾਤਬ ਹੁੰਦੇ ਹੋਏ ਕਹਿੰਦੇ ਹਨ 'ਮੇਰੇ ਹਿਰਦੇ ਰੂਪੀ ਖਲੜੀ ਅੰਦਰ ਤੇਰੇ ਭਉ ਤੇ ਭਾਉ ਦੀ ਭੰਗ ਭਰੀ ਹੈ ਜਿਸ ਦੀ ਮਸਤੀ ਨੇ ਮੈਨੂੰ ਸੰਸਾਰ ਵਲੋਂ ਅਤੀਤ ਕਰ ਦਿਤਾ ਹੈ ਹੁਣ ਤਾਂ ਮੈ ਆਪਣੇ ਹਥਾਂ ਦਾ ਖਪਰ ਬਣਾ ਤੇਰੇ ਦਰਸ਼ਨ ਦੀ ਭਿਖਿਆ ਮੰਗਦਾ ਹਾ

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ-ਮੈਂ ਦੇਵਾਨਾ ਭਇਆ ਅਤੀਤੁ
ਕਰ ਕਾਸਾ ਦਰਸ਼ਨ ਕੀ ਭੂਖ-ਮੈਂ ਦਰਿ ਮਾਗਉ ਨੀਤਾ ਨੀਤ
ਤਉ ਦਰਸਨ ਕੀ ਕਰਉ ਸਮਾਇ-ਮੈਂ ਦਰਿ ਮਾਂਗਤੁ ਭੀਖਿਆ ਪਾਇ 721

ਐਸੀ ਮਾਨਸਕ ਦਸ਼ਾ ਅੰਦਰ ਉਨਾ ਨੂੰ ਹਰ ਦੁਨੀਆਵੀ ਗੱਲ ਦੁਨੀਆਵੀ ਸੰਬੰਧਾਂ ਤੇ ਪਦਾਰਥਾਂ ਦੀ ਕੀਮਤ ਬਦਲ ਗਈ ਦਿਸਦੀ ਹੈ ਅਤੇ ਹਰ ਗੱਲ ਦੇ ਉਹ ਹੋਰ ਹੀ ਅਰਥ ਲੈਂਦੇ ਹਨ ਇਸ ਦਾ ਕਾਰਨ ਉਨਾਂ ਦੀ ਦ੍ਰਿਸ਼ਟ ਦਾ ਭੌਤਿਕ (Mundane) ਤੋਂ ਪਰਾਭੌਤਿਕ (Spiritual) ਹੋ ਜਾਣਾ



Sri Satguru Jagjit Singh Ji eLibrary NamdhariElibrary@gmail.com

ਹੈ।

ਮਹਿਤਾ ਕਾਲੂ ਜਿਸ ਦੀ ਦੁਨੀਆਵੀ ਦ੍ਰਿਸ਼ਟ ਹਰ ਗੱਲ ਨੂੰ ਹਾਣ ਲਾਭ ਦੇ ਨਜ਼ਰੀਏ ਨਾਲ ਵੇਖਦੀ ਸੀ ਨੂੰ ਇਕਲੌਤੇ ਪੁਤੱਰ ਦੀ ਪਰਾਭੌਮਕ ਸੋਚਨੀ ਪਸੰਦ ਨਹੀਂ ਸੀ ਉਹ ਚਾਹੁੰਦਾ ਸੀ ਕਿ ਪੁਤਰ ਕਿਸੇ ਅਜੇਹੇ ਆਹਰੇ ਲਗੇ ਜਿਸ ਤੋਂ ਮਾਇਕ ਲਾਭ ਹੋਵੇ। ਉਸ ਨੇ ਨਾਨਕ ਨੂੰ ਵੀਹ ਰੁਪੈ ਦੇਂਦੇ ਹੋਏ ਕੋਈ ਘਣੇ ਲਾਭ ਵਾਲਾ ਖਰਾ ਸੋਦਾ ਕਰਨ ਲਈ ਕਿਹਾ ਅਤੇ ਉਸ ਨੂੰ ਅੰਞਾਣਾ ਜਾਣਦੇ ਹੋਇ ਭਾਈ ਬਾਲੇ ਨੂੰ ਉਸ ਦੇ ਨਾਲ ਤੋਰਿਆ ਉਨ੍ਹਾਂ ਰਸਤੇ ਵਿਚ ਰੁਖਾਂ ਦੇ ਇਕ ਝੁੰਡ ਥੱਲੇ ਕੁਝ ਨੰਗ ਮਲੰਗੇ ਸਾਧੂ ਵੇਖੇ ਜਿਨ੍ਹਾਂ ਦੇ ਲਕ ਲੰਗੋਟੀਆਂ ਤੋਂ ਬਿਨਾ ਕੋਈ ਕਪੜਾ ਨਹੀਂ ਸੀ। ਗੱਲ ਬਾਤ ਤੋਂ ਉਨਾਂ ਨੂੰ ਇਹ ਵੀ ਪਤਾ ਲਗਾ ਕਿ ਉਹ ਸਾਧੂ ਕਈ ਦਿਨਾਂ ਦੇ ਭੁਖੇ ਸਨ, ਨਾਨਕ ਨੇ ਬਾਲੇ ਨੂੰ ਕਿਹਾ ਇਹਨਾਂ ਭੁਖਿਆਂ ਨੂੰ ਰੋਟੀ ਖੁਆਉਣ ਤੋਂ ਚੰਗੇਰਾ ਕਿਹੜਾ ਸੋਦਾ ਹੋ ਸਕਦਾ ਹੈ ਸੀ ਅਤੇ ਬਾਲੇ ਨੂੰ ਵੀਹ ਰੁਪੈ ਦੇਂਦੇ ਹੋਏ ਨੇੜੇ ਦੇ ਪਿੰਡ ਤੋਂ ਆਟਾ ਦਾਣਾ ਖ੍ਰੀਦ ਲਿਆਉਣ ਲਈ ਕਿਹਾ। ਬਾਲੇ ਨੂੰ ਇਹ ਗੱਲ ਪਸੰਦ ਨਹੀਂ ਸੀ। ਉਹ ਸਮਝਦਾ ਸੀ ਕਿ ਮਹਿਤਾ ਕਾਲੂ ਇਸ ਤੇ ਨਾਰਾਜ਼ ਹੋਵੇਗਾ। ਪ੍ਰੰਤੂ ਨਾਨਕ ਦੇ ਕਹਿਣ ਤੇ ਕਿ ਭੁਖੇ ਸਾਧੂਆਂ ਨੂੰ ਰੋਟੀ ਖੁਆਉਣ ਜਿਹਾ ਖਰਾ ਸੋਦਾ ਹੋਰ ਨਹੀਂ ਹੋ ਸਕਦਾ, ਬਾਲੇ ਨੂੰ ਮਜਬੂਰਨ ਜਾਣਾ ਪਿਆ, ਉਹ ਆਟਾ ਦਾਣਾ ਖ੍ਰੀਦ ਲਿਆਇਆ ਤੇ ਸਾਧੂਆਂ ਨੂੰ ਰੋਟੀ ਖੁਆ ਕੇ ਨਾਨਕ ਤੇ ਬਾਲਾ ਵਾਪਸ ਤਲਵੰਡੀ ਆ ਗਏ। ਮਹਿਤਾ ਕਾਲੂ ਨੂੰ ਨਾਨਕ ਦੇ ਕੀਤੇ ਖਰੇ ਸੌਦੇ ਦੀ ਵਾਰਤਾ ਸੁਣਕੇ ਬੜਾ ਦੁਖ ਹੋਇਆ ਅਤੇ ਉਸ ਨੇ ਨਾਨਕ ਨੂੰ ਚਪੇੜ ਭੀ ਮਾਰੀ। ਦਸਿਆ ਜਾਂਦਾ ਹੈ ਤਲਵੰਡੀ ਦਾ ਹਾਕਮ ਰਾਇ ਬੁਲਾਰ ਜੋ ਪਹਿਲੇ ਤੋਂ ਹੀ ਨਾਨਕ ਦੇ ਕਾਰਨਾਮਿਆਂ



Sri Satguru Jagjit Singh Ji eLibrary NamdhariElibrary@gmail.com

ਤੋਂ ਪ੍ਰਭਾਵਤ ਸੀ, ਦੇ ਮਨ ਤੇ ਖਰੇ ਸੌਦੇ ਵਾਲੀ ਵਾਰਤਾ ਦਾ ਡੂੰਘਾ ਅਸਰ ਹੋਇਆ ਅਤੇ ਉਸ ਨੇ ਜਿਥ ਮਹਿਤਾ ਕਾਲੂ ਨੂੰ ਸਮਝਾ ਬੁਝਾ ਕੇ ਠੰਡਾ ਕੀਤਾ ਉਥੇ ਨਾਨਕ ਨੂੰ ਭੀ ਵਖਰੇ ਲ ਜਾ ਕੇ ਪੁਛਿਆ ਕਿ ਉਸਨੇ ਆਪਣੇ ਪਿਤਾ ਦੀ ਕਮਾਈ ਨੂੰ ਏਨੀ ਬੇਦਰਦੀ ਨਾਲ ਕਿਉਂ ਖਰਚਿਆ, ਨਾਨਕ ਨੇ ਉਤਰ ਵਿਚ ਭੁਖੇ ਸਾਧੂਆਂ ਦੀ ਤਰਸਯੋਗ ਹਾਲਤ ਦਸਦੇ ਹੋਇ ਕਿਹਾ ਕਿ ਉਸ ਨੇ ਜੋ ਕੀਤਾ ਸੀ ਉਹ ਨਿਰੰਕਾਰ ਦੀਉਸ ਦੀ ਆਵਾਜ਼ ਅਨੁਸਾਰ ਕੀਤਾ ਸੀ ਜ ਉਸ ਨੂੰ ਆਪਣੇ ਅੰਦਰੋਂ ਸੁਣਾਈ ਦੇਂਦੀ ਸੀ। ਰਾਇ ਨੇ ਪੁਛਿਆ ਕਿ ਜੋ ਨਿਰੰਕਾਰ ਦੀ ਆਵਾਜ਼ ਨਾਨਕ ਨੇ ਸੁਣੀ ਸੀ। ਹਰ ਕੋਈ ਕਿਉਂ ਨਹੀਂ ਸੁਣ ਸਕਦਾ। ਨਾਂਨਕ ਨੇ ਉਤਰ ਆਪਣੇ ਅੰਦਰੋਂ ਦੇਂਦ ਹੋਇ ਕਿਹਾ

**'ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੇ ਅਲਾਇ'**

ਅਰਥਾਤ ਨਿਰੰਕਾਰ ਦੀ ਆਵਾਜ਼ ਆਪਣੇ ਅੰਦਰੋਂ ਉਹੋ ਆਦਮੀ ਸੁਣ ਸਕਦਾ ਹੈ ਜੋ ਉਸ ਨਾਲ ਇਕ ਸੁਰ ਹੋਇਆ ਹੋਵੇ ਅਤੇ ਇਕ ਸੁਰ ਹੋਣ ਲਈ ਮਨ ਦੀ ਨਿਰਮਲਤਾ ਜ਼ਰੂਰੀ ਹੁੰਦੀ ਹੈ 'ਸੁਚਿ ਹੋਵੈ ਤਾਂ ਸਚੁ ਪਾਈਐ,' ਨਾਨਕ ਦੀਆਂ ਗੱਲਾਂ ਸੁਣ ਰਾਇ ਬੁਲਾਰ ਦੀ ਨਿਸ਼ਾ ਹੋਈ ਅਤੇ ਉਹ ਨਾਨਕ ਦੀ ਵਡਿਆਈ ਬਾਰੇ ਹੋਰ ਜ਼ਿਆਦਾ ਪ੍ਰਭਾਵਤ ਹੋਇਆ।

ਨਾਨਕ ਦੀ ਦ੍ਰਿਸ਼ਟ ਦੇ ਸਮੁਚੇ ਤੌਰ ਪਰਾਭੌਤਕ ਹੋ ਜਾਣ ਕਾਰਨ ਆਪ ਨੂੰ ਮਨੁੱਖ ਮਾਤਰ ਤਥਾ ਊਚ ਨੀਚ, ਬ੍ਰਾਹਮਣ ਸੂਦਰ, ਹਿੰਦੂ, ਮੁਸਲਮਾਨ ਵਿਚਾਲੇ ਫਰਕ ਨਜ਼ਰ ਨਹੀਂ ਪੈਂਦਾ ਸੀ ਆਪ ਦਾ ਵਿਸ਼ਵਾਸ ਸੀ ਕਿ ਹਿੰਦੂ ਮੁਸਲਮਾਨ ਵਿਚਾਲੇ ਉਚੇ ਨੀਵੇਂ ਦਾ ਵਿਤਕਰਾ ਮਨੁਖਾਂ ਵਲੋਂ ਪਾਇਆ ਗਿਆ ਹੋਇਆ ਹੈ। ਨਿਰੰਕਾਰ ਵਲੋਂ ਸਮੁਚੀ ਮਨੁਖ ਜਾਤੀ ਨੂੰ ਸਮਾਨ ਸਥਿਤੀ ਅੰਦਰ ਸੰਸਾਰ ਤੇ



Sri Satguru Jagjit Singh Ji eLibrary NamdhariElibrary@gmail.com

ਭੇਜਿਆ ਗਿਆ ਹੈ – 'ਸਭਨਾ ਜੀਆ ਇਕੋ ਛਾਉ' 83 ਬਲਕਿ ਆਪ ਨੇ ਕਿਹਾ।

'ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰ' 991

ਆਪ ਦਾ ਸੁਲਤਾਨ ਪੁਰ ਵੇਈ ਨਦੀ ਕੰਢੇ ਦਿਤਾ ਅਤੇ ਵਾਰ ਵਾਰ ਦੁਹਰਾਇਆ ਹੋਕਾ (Slogan) 'ਨ ਕੋਈ ਹਿੰਦੂ ਨ ਮੁਸਲਮਾਨ' ਆਪ ਦੇ ਇਸੇ ਵਿਸ਼ਸਾਸ਼ ਸਦਕਾ ਸੀ। ਜਿਸ ਨੂੰ ਅਮਲੀ ਰੂਪ ਦੇਂਦੇ ਹੋਇ ਆਪ ਨੇ ਆਪਣੇ ਜੀਵਨ ਸਾਥੀ ਇਕ ਹਥ ਮੁਸਲਮਾਨ ਮਿਰਾਸੀ ਭਾਈ ਮਰਦਾਨੇ ਅਤੇ ਦੂਜੇ ਹਥ ਹਿੰਦੂ ਸੰਧੂ ਭਾਈ ਬਾਲੇ ਨੂੰ ਬਣਾਇਆ ਅਤੇ ਦੋਹਾਂ ਨੂੰ ਆਪਣੇ ਭਰਾ ਹੋਣਾ ਦ੍ਰਿੜਾਇਆ। ਆਪ ਦੀਆਂ ਸੰਸਾਰ ਫੇਰੀਆਂ, ਜਿਨ੍ਹਾਂ ਨੂੰ ਉਦਾਸੀਆਂ ਦਾ ਨਾਮ ਦਿਤਾ ਗਿਆ ਹੈ, ਦੌਰਾਨ ਆਪ ਨੇ ਆਪਣੇ ਹਿਦੁਸਤਾਨ ਦੇ ਕੋਨੇ ਕੋਨੇ ਅੰਦਰ ਹੀ ਨਹੀਂ ਸਗੋਂ ਨਾਲ ਲਗਦੇ ਸਾਰੇ ਮੁਸਲਮਾਨੀ ਤੇ ਬੋਧੀ ਦੇਸਾਂ ਯਥਾ ਅਰਬ, ਇਰਾਕ, ਇਰਾਨ ਅਫਗਾਨਸਤਾਨ, ਤਿਬਤ, ਚੀਨ, ਲੰਕਾ, ਨੀਪਾਲ, ਭੂਟਾਨ ਅੰਦਰ ਜਾ ਕੇ ਸਭ ਕਿਸੇ ਨੂੰ ਇਕੋ ਇਕ ਨਿਰੰਕਾਰ ਅਤੇ ਸਭ ਕਿਸੇ ਦੇ ਇਕ ਸਾਰ ਇਨਸਾਨ ਹੋਣ ਦਾ ਪ੍ਰਚਾਰ ਕੀਤਾ।

ਮਨੁਖੀ ਸਮਾਨਤਾ ਨੂੰ ਹੋਰ ਨਿਸਚੇ ਜਨਕ ਬਨਾਉਣ ਲਈ ਗੁਰੂ ਜੀ ਨੇ ਸਭ ਨੂੰ ਸਾਂਝੀਆਂ ਸੰਗਤਾਂ, ਸਾਂਝੇ ਲੰਗਰ ਤੇ ਪੰਗਤਾਂ ਵਿਚ ਇਕਠੇ ਬੈਠਣ ਅਤੇ ਇਕਠੇ ਖਾਣ ਪੀਣ ਦੇ ਰਾਹ ਪਾਇਆ ਜੋ ਸਾਂਝ ਆਪ ਤੋਂ ਪਿਛੋਂ ਸਾਂਝੇ ਸਰੋਵਰ, ਸਾਂਝੇ ਧਰਮ ਮੰਦਰ ਸਾਂਝੇ ਗ੍ਰੰਥ ਸਾਹਿਬ, ਸਾਂਝੇ ਅੰਮ੍ਰਿਤ ਤੇ ਸਾਂਝੇ ਖਾਲਸਾ ਸਰੂਪ ਅੰਦਰ ਪਕੀ ਹੋਈ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਮਾਨਵੀ ਏਕਤਾ ਨੂੰ ਇਹ ਕਹਿ ਕੇ ਹੋਰ ਪੁਖਤਾ ਕੀਤਾ।

ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ'



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਇਹ ਸੀ ਨਿਸ਼ਾਨਾ ਜੋ ਮਨੁਖ ਮਾਤਰ ਨੂੰ ਗੁਰੂ ਜੀ ਨਿਸਚੇ ਕਰਾਉਣਾ ਚਾਹੁੰਦੇ ਸਨ। ਜਿਸ ਦੇ ਲਈ ਗੁਰੂ ਜੀ ਨੇ ਦਸ ਜੀਵਨੀਆਂ ਅੰਦਰ ਲਗਪਗ 240 ਸਾਲ ਲਗਾ ਕੇ ਇਹ ਦ੍ਰਿੜ ਕਰਾਇਆ ਕਿ ਜਾਤ ਬ੍ਰਾਦਰੀ ਤੇ ਵਿਸ਼ਵਾਸ ਦੇ ਆਧਾਰ ਤੇ ਇਕ ਮਨੁਖ ਨੂੰ ਦੂਜੇ ਤੋਂ ਵਖਰਾ ਜਾਨਣਾ, ਪਰਮਾਤਮਾ ਜਿਸ ਨੇ ਸਾਰੇ ਮਨੁਖਾਂ ਨੂੰ ਇਕ ਜੈਸੇ ਸਰੀਰ ਦਿਲ ਤੇ ਦਿਮਾਗ ਦਿਤੇ ਹਨ, ਦੇ ਘਰ ਪ੍ਰਵਾਣ ਨਹੀਂ ਮਨੁਖ ਸਾਰੇ ਇਕ ਸਮਾਨ ਹਨ। ਪ੍ਰੰਤੂ ਉਹ ਆਪੋ ਆਪਣੇ ਚੰਗੇ ਮੰਦੇ ਕਰਮਾ ਸੇਤੀ ਹੀ ਵਡੇ ਛੋਟੇ ਸਮਝੇ ਜਾਣੇ ਚਾਹੀਦੇ ਹਨ। 'ਕਰਮੀ ਕਰਮੀ ਹੋਇ ਵੀਚਾਰ' ਅਤੇ 'ਜੈਸਾ ਬੀਜੈ ਸੋ ਲੁਣੈ'। ਪਰ ਇਸ ਦਾ ਨਿਰਣਾ ਲੈਣ ਤੋਂ ਪਹਿਲੋਂ ਇਸ ਦੇ ਇਤਿਹਾਸਕ ਪਿਛੋਕੜ ਨੂੰ ਜਾਨਣਾ ਜਰੂਰੀ ਜਾਣ ਕੇ ਲੇਖ ਦੇ ਦੂਜੇ ਭਾਗ ਵਿਚ ਇਸ ਪਿਛੋਕੜ ਦਾ ਸੰਖੇਪ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕੀਤਾ ਜਾਂਦਾ ਹੈ।

ਜਿਸ ਤਰਾਂ ਪਹਿਲੋਂ ਦਸਆ ਗਿਆ ਤੇ ਗੁਰੂ ਨਾਨਕ ਦੇਵ ਜੀ ਦਾ ਜਨਮ ਸੰਨ 1469 ਨਨਕਾਣਾ ਸਾਹਿਬ ਵਿਚ ਜਿਸ ਨੂੰ ਤਦੋਂ ਰਾਇ ਭੋਇ ਦੀ ਤਲਵੰਡੀ ਕਿਹਾ ਜਾਂਦਾ ਸੀ ਕਤਕ ਦੀ ਪੂਰਨਮਾਸ਼ੀ ਦੇ ਦਿਨ ਹੋਇਆ ਸੀ ਅਤੇ ਉਨ੍ਹਾਂ ਆਪਣੀ ਬਾਲ ਅਵਸਥਾ ਇਸੇ ਥਾਉਂ ਗੁਜ਼ਾਰੀ ਸੀ ਇਸ ਥਾਉਂ ਅਜ ਗੁਰਦੁਆਰਾ ਜਨਮ ਅਸਥਾਨ ਕਰ ਕੇ ਜਾਣਿਆ ਜਾਂਦਾ ਹੈ। ਇਸ ਥਾਉਂ ਆਪ ਨੇ ਹਮ ਉਮਰ ਬਚਿਆਂ ਨਾਲ ਖੇਡਾਂ ਖੇਡੀਆਂ, ਉਥੇ ਅਜ ਗੁਰਦੁਆਰਾ ਬਾਲ ਲੀਲਾ ਮੌਜੂਦ ਹੈ ਇਉ ਹੀ ਜਿਥੇ ਨਾਨਕ ਜੀ ਨੇ ਆਪਣੇ ਪਿਤਾ ਦੇ ਡੰਗਰਾਂ ਨੂੰ ਚਰਾਇਆ, ਉਥੇ ਗੁਰਦੁਆਰਾ ਕਿਆਰਾ ਸਾਹਿਬ ਅਤੇ ਇਸ ਥਾਂ ਤੋਂ ਥੋੜਾ ਲਹਿੰਦੇ ਵਲ ਦੋਕੁ ਸੋ ਗਜ ਤੇ ਗੁ: ਮਾਲ ਸਾਹਿਬ ਹੈ ਜਿਥੇ ਇਕ ਵਣ (ਮਾਲ) ਦੇ ਬ੍ਰਿਛ ਦੀ ਛਾਵੇਂ ਡੰਗਰ ਚੁਗਾਉਂਦੇ



Sri Satguru Jagjit Singh Ji eLibrary NamdhariElibrary@gmail.com

ਸਮੇਂ ਆਪ ਸੌਂ ਗਏ ਅਤੇ ਦਿਨ ਢਲ ਜਦੋਂ ਸੂਰਜ ਦੀ ਧੁਪ ਉਨ੍ਹਾਂ ਦੇ ਚੇਹਰੇ ਤੇ ਪਈ ਤਾਂ ਇਕ ਫਨੀਅਰ ਨੇ ਆਪਣੀ ਛਜਲੀ ਖਿਲਾਰ ਉਨ੍ਹਾਂ ਦੇ ਚੇਹਰੇ ਤੇ ਛਾਓਂ ਕੀਤੀ। ਇਹ ਵਣ (ਮਾਲ)ਦਾ ਬ੍ਰਿਛ ਉਥੇ ਅਜ ਭੀ ਸੋਭ ਰਿਹਾ ਹੈ ਉਸ ਯਾਦਗਾਰੀ ਬ੍ਰਿਛ ਕਰਕੇ ਉਥੇ ਬਣੇ ਸੁੰਦਰ ਗੁਰਦੁਆਰੇ ਦਾ ਨਾਮ ਗੁਰਦੁਆਰਾ ਮਾਲ ਸਾਹਿਬ ਹੈ ਅਤੇ ਉਸ ਦੇ ਲਾਗੇ ਬਣੀ ਅਨਾਜ ਮੰਡੀ ਨੂੰ ਮੰਡੀ ਮਾਲ ਸਾਹਿਬ ਕਿਹਾ ਜਾਂਦਾ ਹੈ। ਇਸ ਤੋਂ ਪੱਛਮ ਵਲ ਜਨਮ ਅਸਥਾਨ ਦੇ ਰੁਖ ਲਗਪਗ ਪੌਣੇ ਮੀਲ ਤੇ ਗੁਰਦੁਆਰਾ ਤੰਬੂ ਸਾਹਿਬ ਹੈ। ਏਥੇ ਭੀ ਉਸ ਵਕਤ ਦਾ ਇਕ ਪੁਰਾਨਾ ਵਣ ਦਾ ਬ੍ਰਿਛ ਮੌਜੂਦ ਹੈ ਜਿਸ ਦੇ ਸਾਇ ਹੇਠ ਗੁਰੂ ਨਾਨਕ ਦੇਵ ਜੀ ਨੇ ਖਰਾ ਸੌਦਾ ਜਿਸ ਵਿਚ ਆਪ ਨੇ ਪਿਤਾ ਮਹਿਤਾ ਕਾਲੂ ਵਲੋਂ ਕੋਈ ਲਾਹੇਵੰਦਾ ਖਰਾ ਜੇਹਾ ਸੌਦਾ ਕਰਨ ਲਈ ਮਿਲੇ ਵੀਹ ਰੁਪੈ ਦਾ ਅਨ ਦਾਣਾ ਲਿਆਕੇ ਭੁਖੇ ਸਾਧੂਆਂ ਨੂੰ ਖੁਆ ਦਿਤਾ ਸੀ) ਕਰਕੇ ਮੁੜਣ ਤੇ ਆ ਬੈਠੇ ਸਨ ਅਤੇ ਜਿਥੋਂ ਉਨਾਂ ਨੂੰ ਭੈਣ ਨਾਨਕੀ ਜੀ ਉਠਾ ਕੇ ਘਰ ਲੈ ਗਏ ਸਨ। ਇਸ ਥਾਉਂ ਉਸ ਵੇਲੇ ਦਾ ਵਣ ਦਾ ਬ੍ਰਿਛ ਅੱਜ ਵੀ ਤੰਬੂ ਦੀ ਨਿਆਈਂ ਜਮੀਨ ਤੇ ਵਿਛਿਆ ਹੈ ਜਿਸ ਕਰਕੇ ਉਸ ਜਗਾ ਦਾ ਅਤੇ ਉਥੇ ਬਣੇ ਯਾਦਗਾਰੀ ਅਸਥਾਨ ਗੁਰਦੁਆਰੇ ਦਾ ਨਾਮ ਹੀ ਗੁਰਦੁਆਰਾ ਤੰਬੂ ਸਾਹਿਬ ਹੈ।

ਇਸ ਅਸਥਾਨ ਤੋਂ ਦੋ ਕੁ ਸੌ ਗਜ਼ ਪੂਰਬ ਤੇ ਥੋੜਾ ਉਤਰ ਵੱਲ ਇਕ ਹੋਰ ਯਾਦਗੀਰੀ ਅਸਥਾਨ ਗੁਰਦੁਆਰਾ ਛੇਵੀਂ ਪਾਤਸ਼ਾਹੀ ਹੈ ਜਿਥੇ ਗੁਰੂ ਹਰਿ ਗੋਬਿੰਦ ਸਾਹਿਬ ਠਹਿਰੇ ਸਨ। ਇਉਂ ਨਨਕਾਣਾ ਸਾਹਿਬ ਅੰਦਰ ਜਨਮ ਅਸਥਾਨ, ਬਾਲ ਲੀਲਾ, ਤੰਬੂ ਸਾਹਿਬ, ਮਾਲ ਸਾਹਿਬ ਕਿਆਰਾ ਸਾਹਿਬ ਅਤੇ ਗੁਰਦੁਆਰਾ ਛੇਵੀਂ ਪਾਤਸ਼ਾਹੀ, ਛੇ ਗੁਰਦੁਆਰੇ ਹਨ।



Sri Satguru Jagjit Singh Ji eLibrary NamdhariElibrary@gmail.com

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਇਨ੍ਹਾਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਵਾਸਤੇ 17675 ਏਕੜ ਰਕਬਾ ਗੁਰਦੁਆਰਿਆਂ ਦੇ ਨਾਮ ਲਗਾਇਆ ਗਿਆ ਸੀ, ਜੋ ਬਾਦ ਵਿਚ ਗੁਰਦੁਆਰਾ ਜਨਮ ਅਸਥਾਨ, ਬਾਲ ਲੀਲਾ, ਮਾਲ ਸਾਹਿਬ ਅਤੇ ਕਿਆਰਾ ਸ਼ਾਹਿਬ ਦੇ ਮਹੰਤਾਂ ਨ ਆਪੋ ਆਪ ਕਬਜ਼ੇ ਕਰ ਲਏ । ਇਸ ਵਿਚੋਂ ਬਹੁਤ ਥੋੜਾ ਹਿਸਾ ਉਸ ਸਮੇਂ ਖੂਹਾਂ ਤੋਂ ਸਿੰਜਿਆ ਜਾਂਦਾ ਅਤੇ ਉਪਜਾਊ ਸੀ। ਖੂਹ ਭੀ ਗਿਣਤੀ ਦੇ ਅਤੇ ਬਹੁਤ ਪੁਰਾਣੇ ਸਨ । ਇਨ੍ਹਾਂ ਵਿਚ ਵਿਸ਼ੇਸ ਖੂਹ ਭਾਈ ਬਾਲੇ ਵਾਲਾ, ਸੀਤਾ ਵਾਲਾ, ਬੁਤ ਵਾਲਾ, ਖਿਪ ਵਾਲਾ, ਪੈੜੇ ਵਾਲਾ, ਮਾਲ ਸਾਹਿਬ ਅਤੇ ਬਾਲ ਲੀਲਾ ਵਾਲਾ ਸਨ । ਬਾਕੀ ਦੀ ਸਾਰੀ ਧਰਤੀ ਚਰਾਗਾਹ ਦੇ ਰੂਪ ਵਿਚ ਵਰਖਾ ਰੁਤ ਨੂੰ ਡੰਗਰਾਂ ਦੀ ਚਰਾਂਦ ਦਾ ਕੰਮ ਦੇਂਦੀ ਅਤੇ ਡੰਗਰ ਚੁਗਾਉਣ ਵਾਲੇ ਲੋਕ ਮਹੰਤਾਂ ਨੂੰ ਥੋੜੀ ਬਹੁਤ ਰਕਮ ਤ੍ਰਿਣੀ ਦੇ ਰੂਪ ਵਿਚ ਸਾਲਾਨਾ ਭਰਿਆ ਕਰਦੇ ਸਨ। ਕਈਆਂ ਨ ਤ੍ਰਿਣੀ-ਭਰ ਦੇ ਤੌਰ ਕੁਝ ਰਕਬੇ ਲੈ ਰਖੇ ਸਨ ਜਿਨਾਂ ਦੀ ਨੀਅਤ ਤ੍ਰਿਣੀ ਓਹ ਹਰਾ ਸਾਲ ਭਰ ਦੇਂਦੇ ਅਤੇ ਆਪਣਾ ਕਬਜ਼ਾ ਬਣਾਈ ਰਖਦੇ। ਇਸੇ ਤਰਾਂ ਕਈ ਆਦਮੀਆਂ ਨੇ ਪਕੇ ਤੌਰ ਵਾਹੁਣੇ ਹਿਤ ਕਬੀ ਖੂਹ ਲੈ ਰਖੇ ਹੋਏ ਸਨ ਜਿਨਾਂ ਦੀ ਵੰਡ ਜਾਂ ਚਕੋਤਾ ਜਿਣਸ ਦੇ ਰੂਪ ਵਿਚ ਉਹ ਹਰ ਛਿਮਾਹੀ ਮਹੰਤਾਂ ਨੂੰ ਦੇ ਆਉਂਦੇ। ਇਸ ਤਰਾਂ ਉਨਾਂ ਦਾ ਕਬਜ਼ਾ ਬਣਿਆ ਰਹਿੰਦਾ ।

ਜਦੋਂ ਪੰਜਾਬ ਸਰਕਾਰ ਨੇ ਲੋਅਰ ਚਨਾਬ ਨਹਿਰ ਦੀ ਸਾਖ ਲੋਅਰ ਗੋਗੇਰਾ ਦੀ ਖੁਦਾਈ ਕਰਾਈ ਅਤੇ ਇਸ ਵਿਚੋਂ ਕਈ ਰਾਜਬਾਹੇ ਕਢੇ ਤਾਂ ਨਨਕ ਣਾ ਸਾਹਿਬ ਦੀ ਧਰਤੀ ਦੇ ਕਾਫੀ ਵਡੇ ਹਿਸੇ ਨੂੰ ਸਿੰਜਣ ਦਾ ਪ੍ਰਬੰਧ ਭੀ ਹੋ ਗਿਆ । ਰਾਜਬਾਹਾ ਨਾਹਰਾ ਤਾਂ



Sri Satguru Jagjit Singh Ji eLibrary NamdhariElibrary@gmail.com

ਲੰਘਿਆ ਹੀ ਐਸਟੇਟ ਦੇ ਵਿਚ ਦੀ ਸੀ ਅਤੇ ਰਾਜਬਾਹ ਨਨਕਾਣਾ ਦੀ ਟੇਲ ਭੀ ਇਥੇ ਹੀ ਬਣੀ ਸੀ ਪ੍ਰਤੂ ਇਨਾਂ ਤੋਂ ਇਲਾਵਾ ਰਾਜ਼ਬਾਹ ਸ਼ਰਕਪੁਰ, ਬਾਸੀ ਮਾਈਨਰ ਅਤੇ ਹਾਈ ਲੈਵਲ ਚੈਨਲ ਵਿਚ ਭੀ ਕਈ ਮੋਘ ਨਨਕਾਣ ਸਾਹਿਬ ਐਸਟੇਟ ਲਈ ਲਗਾਏ ਗਏ, ਜਿਸ ਨਾਲ ਇਸ ਦੀ ਕਦਰ ਬਹੁਤ ਵਧ ਗਈ। ਇਸ ਦੀ ਦਿਨੋ ਦਿਨ ਵਧਦੀ ਉਪਜ ਨੇ ਮਹੰਤਾਂ ਨੂੰ ਅਮੀਰ ਬਣਾ ਦਿਤਾ ਅਤੇ ਜੋ ਕੋਈ ਕਿਸੇ ਵਿਸ਼ੇਸ ਟੁਕੜੇ ਜ਼ਮੀਨ ਤੇ ਕਾਬਜ਼ ਸੀ ਉਹ ਉਸ ਨੂੰ ਜਫਾ ਮਾਰੇ ਰਖਣ ਦੀ ਆਸ ਲਾ ਬੈਠਾ। ਬਲਕਿ ਮਹੰਤਾਂ ਦੇ ਸ਼ਰੀਕਾਂ ਤੇ ਗੁਰਭਾਈਆਂ ਨੇ ਆਪੋ ਆਪ ਜ਼ਮੀਨ ਦੀ ਮੱਲ ਮਾਰੀ ਰਖਣ ਦੇ ਜਤਨ ਭੀ ਕੀਤੇ ਅਤੇ ਬਹੁਤਿਆਂ ਅਯੋਗ ਸਾਧਨਾ ਦੁਆਰੇ ਕਾਗਜਾਤ ਮਾਲ ਵਿਚ ਭੀ ਜਮੀਨਾ ਆਪਣੇ—੨ ਨਾਮ ਚੜ੍ਹਵਾ ਲਈਆਂ ਜਿਥ ਇਹ ਸਾਰੀ ਐਸਟੇਟ ਪਹਿਲੋਂ ਚਾਰ ਗੁਰਦੁਆਰਿਆਂ ਦੀ ਮਲਕੀਅਤ ਸਮਝੀ ਜਾਂਦੀ ਸੀ ਉਥੇ ਗੁਰਦਵਾਰਿਆਂ ਦੀ ਬਜਾਏ ਇਸ ਦੇ ਵਖੋ ਵਖ ਕਈ ਮਾਲਕ ਬਣ ਗਏ।

ਨਨਕਾਣਾ ਸਾਹਿਬ ਐਸਟੇਟ ਦੇ ਵਿਚੋਂ ਲਗਪਗ ਪੰਜ ਮੀਲ ਦੀ ਲੰਬਾਈ ਵਿਚ ਲਾਹੌਰ ਤੋਂ ਸ਼ੋਰਕੋਟ ਨੂੰ ਰੇਲ ਦੀ ਲਾਈਨ ਲੰਘੀ ਜਿਸ ਉਤੇ ਨਨਕਾਣਾ ਸਾਹਿਬ ਦਾ ਰੇਲਵੇ ਸਟੇਸ਼ਨ ਬਣਿਆ ਐਸਟੇਟ ਵਿਚੋਂ ਕਾਫੀ ਹਿੱਸਾ ਜ਼ਮੀਨ ਰੇਲਵੇ ਲਾਈਨ ਅਤੇ ਸਟੇਸ਼ਨ ਵਾਸਤੇ ਰੇਲਵੇ ਮਨਿਸਟਰੀ ਨੇ ਹਾਸਲ ਕਰ ਲਈ ਸੀ। ਇਸ ਤਰਾਂ ਪੰਜਾਬ ਸ੍ਰਕਾਰ ਨੇ ਰਾਜਬਾਹਿਆਂ ਅਤੇ ਕਈ ਵਡੇ ਰਸਤਿਆਂ ਸੜਕਾਂ ਅਤੇ ਸ੍ਰਕਾਰੀ ਇਮਾਰਤਾਂ ਤਹਿਸੀਲ ਆਦਿ ਲਈ ਭੀ ਕਾਫੀ ਜ਼ਮੀਨ ਲੈ ਲਈ ਬਾਕੀ ਬਚਦੀ ਜ਼ਮੀਨ, ਦਾ ਕੁਝ ਹਿੱਸਾ ਨਨਕਾਣਾ ਸਾਹਿਬ ਸ਼ਹਿਰ ਮੰਡੀ ਅਤੇ ਅਸਟੇਟ ਦੇ ਕਾਸ਼ਤਕਾਰਾਂ ਦੀਆਂ ਬਸਤੀਆਂ ਜੋ ਗਿਣਤੀ ਵਿਚ ੨੧—੨੨ ਸਨ ਹੇਠਾਂ ਆਇਆ ਹੋਇਆ ਸੀ,



Sri Satguru Jagjit Singh Ji eLibrary NamdhariElibrary@gmail.com

ਕੁਝ ਇਨ੍ਹਾਂ ਬਸਤੀਆਂ ਨੂੰ ਆਪੋ ਵਿਚ ਅਤੇ ਸ਼ਹਿਰ ਨਾਲ ਗੰਢਣ ਵਾਲੇ ਗਡੇ ਰਾਹਾਂ ਹੇਠ ਅਤੇ ਕੁਝ ਧਉਲਰ ਵਰਗੇ ਪੁਰਾਣੇ ਥੇਹਾਂ ਨੇ ਦੱਬਿਆ ਹੋਇਆ ਸੀ। ਅਜੇਹੇ ਰਕਬੇ ਕਢਕੇ ਵਾਹੁਣ ਯੋਗ ਰਕਬਾ 15926 ਸੀ ਏਕੜ ਐਸਟੇਟ ਦੀਆਂ ਪੁਰਾਣੀਆਂ ਬਸਤੀਆਂ ਵਿਚ ਤਾ ਕੋਟ ਦਰਬਾਰ ਸਾਹਿਬ ਧੂਰ ਕੋਟ, ਰਤੂਆਣਾ, ਟੇਲ ਮਾਲ ਜੀ, ਨਾਲੀ ਵਾਲਾ ਤੇ ਦਰੀਆ ਆਦਿ ਉਘੀਆਂ ਬਸਤੀਆਂ ਸਨ ਪ੍ਰੰਤੂ ਕਈ ਹੋਰ ਵਖੋ ਵਖ ਮਹੰਤਾਂ ਅਤੇ ਖਰੀਦਦਾਰਾਂ ਨੇ ਆਪਣੇ ੨ ਨਾਮ ਤੇ ਕਾਇਮ ਕਰ ਲਈਆਂ ਸਨ ਯਥਾ ਕੋਟ ਸਾਧੂ ਰਾਮ, ਕੋਟ ਦਿਆਲ ਦਾਸ, ਕੋਟ ਲਹਿਣਾ ਦਾਸ, ਕੋਟ ਨਰੈਣ ਸਿੰਘ, ਝਲਾਰ ਗੰਗਾ ਰਾਮ, ਵਾੜਾ ਅੰਨਿਆਂ, ਵਾੜਾ ਗਾਬਿਆਂ, ਵਾੜਾ ਭੰਬਿਆਂ, ਵਾੜਾ ਤ੍ਰਖਾਣਾ, ਵਾੜਾ ਨਰੈਣ ਸਿੰਘ ਭ ਗੋ ਵਾਲੀ ਕੋਟ ਸੰਤ ਰਾਮ ਕੋਟ ਲਾਭ ਦਾਸ, ਢੇਰੇ ਦਾ ਵਾੜਾ (ਰਾਮਪੁਰ) ਨੇਲਾਂ ਦੀਆਂ ਝੁਗੀਆਂ ਤੇ ਧੂਪ ਮੜੀ। ਇਕ ਬਸਤੀ ਜੋ ਐਸਟੇਟ ਦੇ ਪੰਥਕ ਪ੍ਰਬੰਧ ਹੇਠ ਆ ਜਾਣ ਪਿਛੋਂ ਗੁ: ਕਮੇਟੀ ਵਲੋਂ ਬਣਾਈ ਗਈ ਦਾ ਨਾਮ ਸ਼ਹੀਦਾਂ ਦੀ ਯਾਦ ਅੰਦਰ ਸ਼ਹੀਦੀ ਕੋਟ ਰਖਿਆ ਗਿਆ ਸੀ।

ਇਨਾਂ ਵਿਚੋਂ ਕੋਟ ਦਰਬਾਰ ਸਾਹਿਬ, ਧੂਰ ਕੋਟ, ਰਤੂਆਣਾ ਅਤੇ ਕੋਟ ਸਾਧੂ ਰਾਮ ਜੋ ਗੁ: ਜਨਮ ਅਸਥਾਨ ਦੇ ਮਹੰਤ ਨਰੈਣ ਦਾਸ ਦੇ ਆਪਨੇ ਕਬਜੇ ਵਿਚ ਸਨ ਸਾਕੇ ਤੋਂ ਪਿਛੋਂ ਸਿਧੇ ਹੀ ਗੁ: ਕਮੇਟੀ ਦੇ ਪ੍ਰਬੰਧ ਹੇਠ ਆ ਗਏ ਅਤੇ ਗੁ: ਮਾਲ ਜੀ ਦੇ ਮਹੰਤ ਕਿਰਪਾ ਰਾਮ ਨਾਲ ਸਮਝੌਤਾ ਹੋ ਜਾਣ ਤੇ ਟੇਲ ਮਾਲ ਜੀ ਅਤੇ ਨਾਲੀ ਵਾਲਾ ਭੀ ਕਮੇਟੀ ਨੇ ਸਾਂਭ ਲਏ। ਕਈ ਹੋਰ ਥੋੜੇ-੨ ਵਿਕੋ ਲਿਤਰੇ ਰਕਬੇ ਭੀ ਸਮਝੋਤਿਆ ਰਾਹੀਂ ਕਮੇਟੀ ਨੂੰ ਮਿਲ ਗਏ ਯਥਾ ਬਾਵਾ ਆਤਮਾ ਰਾਮ, ਬਾਵਾ ਮੱਲੀ ਦਾਸ, ਪਤੀਦਾਰ ਮੰਗਲ ਸਿੰਘ ਅਤੇ ਮਹੰਤਨੀ ਈਸ਼ਰ ਕੌਰ ਦੇ ਰਕਬੇ, ਪ੍ਰੰਤੂ ਇਨ੍ਹਾਂ ਤੋਂ ਬਿਨਾ



Sri Satguru Jagjit Singh Ji eLibrary NamdhariElibrary@gmail.com

ਬਾਕੀ ਸਾਰੀਆਂ ਜ਼ਮੀਨਾਂ ਸੰਬੰਧੀ ਕਮੇਟੀ ਨੂੰ ਗੁਰਦੁਆਰਾ ਟ੍ਰੀਬ-ਯੂਨਲ ਅਤੇ ਹਾਈ ਕੋਰਟ ਪੰਜਾਬ ਵਿਚ ਮੁਕਦਮੇ ਲੜਨੇ ਪਏ। ਇਨ੍ਹਾਂ ਮੁਕਦਮਿਆਂ ਵਿਚ ਕਮੇਟੀ ਨੂੰ ਵਾੜਾ ਭੰਬਿਆ ਦੇ ਨੌ ਮੁਰੱਬੇ ਤੇ ਵਾੜਾ ਤ੍ਰਖਾਣਾ ਦੇ $4\frac{1}{2}$ ਮੁਰੱਬੇ ਵਿਰੋਧੀਆਂ ਦੇ ਹੱਕ ਵਿਚ ਛਡਣੇ ਪਏ ਕਿਉਂਕਿ ਉਨਾਂ ਨੇ ਸੰਬੰਧਤ ਮਹੰਤਾਂ ਪਾਸੋਂ ਆਪਣੇ ਹੱਕ ਵਿਚ ਇਹ ਬੈ ਕਰਾਏ ਹੋਏ ਸਨ। ਖਿਪ ਵਾਲੇ ਖੂਹ ਦੇ ਰਕਬੇ ਦੇ ਮੌਰੂਸੀ ਹੱਕ ਦੇਣੇ ਪਏ। ਇਨਾਂ ਤੋਂ ਇਲਾਵਾ ਇਕ ਬਹੁਤ ਵਡਾ ਰਕਬਾ ਪੈੜੇ ਵਾਲੀ ਦਾ ਉਥੋਂ ਦੇ ਮੁਸਲਮਾਨ ਵਾਹਕਾ ਨੂੰ ਦੇਣਾ ਪਿਆ ਕਿਉਂਕਿ ਇਸ ਪਿੰਡ ਦੇ ਮਾਲਕੀ ਹੱਕ ਮਹੰਤ ਗਵਾ ਚੁਕੇ ਸਨ। ਇਨ੍ਹਾਂ ਤੋਂ ਬਿਨਾ ਬਾਕੀ ਸਾਰੀਆਂ ਜ਼ਮੀਨਾਂ ਸਹਿਜੇ-੨ 1964 ਤਕ ਕਮੇਟੀ ਦੇ ਕਬਜੇ ਵਿਚ ਆ ਗਈਆ। ਨਰੈਣ ਦਾਸ ਦੇ ਨਿਜੀ ਮਕਾਨਾਂ ਤੋਂ ਬਿਨਾਂ ਬਾਕੀ ਸਾਰੇ ਰਿਹਾਇਸ਼ੀ ਮਕਾਨ ਵੀ ਸੰਬੰਧਤ ਮਹੰਤਾਂ ਤੇ ਪਤੀਦਾਰਾਂ ਨੂੰ ਦਿਤੇ ਗਏ ਸਨ।

ਉਕਤ ਜ਼ਮੀਨਾਂ ਤੋਂ ਇਲਾਵਾ ਬਾਹਰ ਦੁਰਾਡੇ ਥਾਵਾਂ ਤੇ ਕੁਝ ਰਕਬੇ ਗੁਰਦੁਆਰਿਆਂ ਦੇ ਨਾਮ ਚੜੇ ਹੋਏ ਸਨ ਜੋ ਸਾਰੇ ਹੀ ਗੁਰਦੁਆਰਿਆਂ ਦੇ ਹੱਕ ਵਿਚ ਕਮੇਟੀ ਨੂੰ ਦਿਤੇ ਗਏ। ਇਨਾਂ ਦਾ ਵੇਰਵਾ ਇਸ ਪ੍ਰਕਾਰ ਹੈ।

| | |
|---|---|
| ਪਿੰਡ ਸ਼ਾਹ ਪੁਰ ਡੇਹਰੀਆਂ | ੨੨ ਮੁਰੱਬੇ |
| ਪਿੰਡ ਬਿਹਾਰੀ ਪੁਰ | $3\frac{3}{4}$ ਮੁਰਬੇ |
| ਪਿੰਡ ਕਨਲ | 22 ਏਕੜ |
| ਪਿੰਡ ਪਿੰਡੀ ਹੇਰੀ | 3 ਮੁਰਬੇ (ਕੇਵਲ ਮੌਰੂਸੀ ਹੱਕ) |
| ਨਾਨਕ ਕੋਟ | 4 ਮੁਰੱਬੇ |

ਉਕਤ ਜ਼ਰਈ ਰਕਬਿਆਂ ਤੋਂ ਇਲਾਵਾ ਹੇਠਾਂ ਲਿਖੀ ਸ਼ਿਕਨੀ ਜਾਇਦਾਦ ਭੀ ਨਨਕਾਣਾ ਸਾਹਿਬ ਤੋਂ ਬਾਹਰ ਕਮੇਟੀ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਨੂੰ ਮਿਲੀ: ਤਿੰਨ ਦੁਕਾਨਾਂ ਮਾਗਲ ਸ਼ਹਿਰ ਵਿਚ, ਦੋ ਦੁਕਾਨਾਂ ਸ਼ਾਹ ਕੋਟ ਅਤੇ ਇਕ ਦੁਕਾਨ ਗੁਜ਼ਰਖਾਨ । 1921 ਦੇ ਸਾਕੇ ਤੋਂ ਪਿਛੋਂ ਪੰਜਾਬ ਸਰਕਾਰ ਵਲੋਂ ਲਾਹੌਰ ਦੇ ਕਮਿਸ਼ਨਰ ਮਿ. ਕਿੰਗ ਨੇ ਗੁਰਦੁਆਰਾ ਜਨਮ ਅਸਥਾਨ ਦਾ ਕਬਜ਼ਾ ਸਤ ਮੈਂਬਰਾਂ ਦੀ ਕਮੇਟੀ ਨੂੰ ਜਿਸ ਦੇ ਪ੍ਰਧਾਨ ਸ. ਹਰਬੰਸ ਸਿੰਘ ਅਟਾਰੀ ਵਾਲੇ ਸਨ, ਲਿਖ ਦਿਤਾ ਸੀ ਉਸ ਕਮੇਟੀ ਵਲੋਂ ਇਸ ਦੀ ਸਉਪਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜੋ ਉਸ ਸਮੇਂ ਹੁਣ ਵਾਂਗ ਕਿਸੇ ਗਵਰਮੈਂਟੀ ਕਾਨੂੰਨ ਦੇ ਤਹਿਤ ਬਣੀ ਕਮੇਟੀ ਨਹੀਂ ਸੀ, ਬਲਕਿ ਸਿਖਾਂ ਵਲੋਂ ਜ਼ਿਲੇਵਾਰ ਆਗੂ ਭੇਜੇ ਪ੍ਰਤੀਨਿਧਾਂ ਦੀ ਕਮੇਟੀ ਸੀ) ਕਰ ਦਿਤੀ । ਸੋ. ਗੁ. ਪ੍ਰ. ਕਮੇਟੀ ਨੇ ਇਥੇ ਦੇ ਪ੍ਰਬੰਧ ਲਈ ਸ੍ਰ. ਨਰੈਣ ਸਿੰਘ ਬੈਰਿਸਟਰ ਸ਼ਾਹ ਪੁਰ ਦੀ ਨਿਯੁਕਤੀ ਕੀਤੀ ਅਤੇ ਉਨਾਂ ਦੇ ਅਧੀਨ ਜਥੇਦਾਰ ਬੂਟਾ ਸਿੰਘ ਚਕ ਨੰ 204 ਲਾਇਨ ਪੁਰ ਵਾਲਿਆਂ ਨੂੰ ਜ਼ਮੀਨਾਂ ਦਾ ਪ੍ਰਬੰਧ ਕਰਨ ਹਿਤ ਨਿਯੁਕਤਿਆਂ । ਸੋ. ਗੁ. ਪ੍ਰ. ਕਮੇਟੀ ਦੇ ਅਧੀਨ ਪੰਜ ਸਾਲ ਇਹ ਪ੍ਰਬੰਧ ਚਾਲੂ ਰਿਹਾ ਅਤੇ ਸੰਨ 1926 ਵਿਚ ਜਦੋਂ ਗੁਰਦੁਆਰਾ ਕਾਨੂੰਨ ਦੇ ਤਹਿਤ ਸਰਕਾਰ ਪੰਜਾਬ ਨੇ ਨਨਕਾਣਾ ਸਾਹਿਬ ਵਿਚਲੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਐਕਟ ਦੀ ਦਫਾ 85 ਦੇ ਅਧੀਨ ਤੇਰਾਂ ਮੈਂਬਰਾਂ ਦੀ ਲੋਕਲ ਕਮੇਟੀ ਦੀ ਸਥਾਪਤੀ ਦਾ ਏਲਾਨ ਕਰ ਦਿਤਾ ਤਾਂ ਇਥੋਂ ਦਾ ਸਮੁਚਾ ਪ੍ਰਬੰਧ 30–11–26 ਤੋਂ ਲੋਕਲ ਕਮੇਟੀ ਦੇ ਹਥ ਵਿਚ ਆ ਗਿਆ । ਇਸ ਲੋਕਲ ਕਮੇਟੀ ਦੇ ਪਹਿਲੇ ਪ੍ਰਧਾਨ ਸ੍ਰ. ਬੂਟਾ ਸਿੰਘ ਜੀਵਕੀਲ ਸੇਖਪੁਰਾ ਸਨ। ਦੂਜੇ ਸ. ਮਹਿਤਾਬ ਸਿੰਘ ਤੀਜੇ ਜਥੇਦਾਰ ਤੇਜਾ ਸਿੰਘ ਅਕਰਪੁਰਾ ਅਤੇ ਚੌਥੇ ਸ, ਸੰਪੂਰਨ



Sri Satguru Jagjit Singh Ji eLibrary NamdhariElibrary@gmail.com

ਸਿੰਘ ਲਾਇਲ ਪੁਰ। ਪ੍ਰਬੰਧ ਦੇ ਲੋਕਲ ਕਮੇਟੀ ਦੇ ਹਥ ਵਿਚ ਆਉਣ ਮਗਰੋਂ ਸਾਰੇ ਗੁਰਦੁਆਰਿਆ ਅਤ ਸੰਬੰਧਤ ਜਾਇਦਾਦ ਦਾ ਮੁਖ ਪ੍ਰਬੰਧਕ ਪ੍ਰਧਾਨ ਦੇ ਅਧੀਨ ਕਮੇਟੀ ਦਾ ਇਕ ਮੈਂਬਰ ਜਿਸ ਨੂੰ ਮੈਂਬਰ ਇੰਨਚਾਰਜ ਕਹਿੰਦੇ ਹੁੰਦਾ। । ਇਸ ਔਹਦੇ ਦੀ ਪ੍ਰਾਪਤੀ ਲਈ ਕਈ ਵੇਰ ਮੈਂਬਰਾਂ ਅੰਦਰ ਖਿਚਾਓ ਭੀ ਹੋ ਜਾਂਦਾ ਅਤੇ ਕਈ ਵੇਰ ਮੈਂਬਰ ਇਨਚਾਰਜ਼ ਦੀ ਥਾਵੇਂ ਤਨਖਾਹਦਾਰ ਮੈਨੇਜਰ ਭੀ ਲਗਾ ਲਿਆ ਜਾਂਦਾ ਪ੍ਰੰਤੂ ਕਮੇਟੀ ਦੀ ਇਸ ਨੁਕਤੇ ਉਤੇ ਕੋਈ ਦ੍ਰਿੜ ਵਿਚਾਰ ਨ ਬਣੀ ਹੋਣ ਕਾਰਨ ਇਹ ਤਬਦੀਲੀ ਵਾਰਵਾਰ ਹੋ ਜਾਂਦੀ, ਇਥੋਂ ਤਕ ਕਿ ਕਈ ਵਾਰੀ ਸਾਲ ਭਰ ਵਿਚ ਵੀ ਕਈ ਮੁਖ ਪ੍ਰਬੰਧਕ ਬਣ ਹਟਦੇ। ਇਹ ਸਿਲਸਲਾ 1926 ਤਕ ਜਾਰੀ ਰਿਹਾ ਅਤੇ ਕਿਤਨੇ ਸਜਣ ਮੁਖ ਪ੍ਰਬੰਧਕ ਬਣੇ ਅਤੇ ਹਟੇ। ਅਖੀਰ ਅਕਤੂਬਰ 1932 ਵਿਚ ਕਮੇਟੀ ਨੇ ਪਕਾ ਤਨਖਾਹ ਦਾਰ ਮੈਨੇਜਰ ਰਖਣ ਦਾ ਦ੍ਰਿੜ ਫੈਸਲਾ ਕਰਕੇ ਅਕਤੂਬਰ 1932 ਵਿਚ ਸ. ਨਰੈਣ ਸਿੰਘ ਐਮ. ਏ. ਨੂੰ ਗੁਰਦੁਆਰਿਆਂ ਅਤੇ ਐਸਟੇਟ ਦਾ ਮੈਨੇਜਰ ਥਾਪ ਦਿਤਾ ਜੋ 1947 ਅਥਵਾ ਦੇਸ਼ ਵੰਡ ਹੋ ਜਾਣ ਦੇ ਸਮੇਂ ਤਕ ਰਹੇ। ਸੰਨ 1944 ਵਿਚ ਪੰਜਾਬ ਸਰਕਾਰ ਨੇ ਗੁਰਦੁਆਰਾ ਕਾਨੂੰਨ ਅੰਦਰ ਤਰਮੀਮ ਕਰਕੇ ਗੁਰਦੁਆਰਾ ਐਕਟ ਦੀ ਧਾਰਾ 24 ਦੇ ਤਹਿਤ ਸਾਰੇ ਗੁਰਦੁਆਰਿਆਂ ਦੀਆਂ ਲੋਕਲ ਕਮੇਟੀਆਂ ਦੀ ਪ੍ਰਬੰਧਕ ਹੈਸੀਅਤ ਨੂੰ ਖਤਮ ਕਰਕੇ ਇਨਾਂ ਨੂੰ ਕੇਵਲ ਸਲਾਹਕਾਰ ਹੋਣ ਦਾ ਅਧਕਾਰ ਦਿਤਾ ਅਤੇ ਗੁਰਦੁ-ਆਰਿਆ ਦਾ ਪ੍ਰਬੰਧ ਸਿਧਾ ਸ੍ਰੋ; ਗੁ. ਪ੍ਰ. ਕਮੇਟੀ ਦੇ ਹਥ ਵਿਚ ਦੇ ਦਿਤਾ। ਸ੍ਰੋਮਣੀ ਕਮੇਟੀ ਨੇ ਅਜੇਹੇ ਸਾਰੇ ਗੁਰਦੁਆਰਿਆਂ ਲਈ ਇਕ ਪ੍ਰਬੰਧ ਸਕੀਮ ਲਾਗੂ ਕੀਤੀ ਅਤੇ ਉਸ ਦੇ ਅਧੀਨ ਨਨਕਾਣਾ



Sri Satguru Jagjit Singh Ji eLibrary NamdhariElibrary@gmail.com

ਸਾਹਿਬ ਵਿਚ ਦੋ ਵਖੋ ਵਖ ਮਦਾਂ ਦੇ ਮੈਨੇਜਰ ਅਥਵਾ ਇਕ ਜ਼ਮੀਨਾਂ ਦੇ ਪ੍ਰਬੰਧ ਲਈ ਅਤੇ ਦੂਜਾ ਬਾਕੀ ਦੇ ਸਾਰੇ ਪ੍ਰਬੰਧ ਲਈ ਨੀਯਤ ਕਰ ਦਿਤੇ ਜੋ ਤਰੀਕਾ ਦੇਸ਼ ਵੰਡ ਹੋ ਜਾਣ ਅਥਵਾ ਨਨਕਾਣਾ ਸਾਹਿਬ ਦੇ ਪਾਕਸਤਾਨ ਵਿਚ ਰਹਿ ਜਾਣ ਤਕ ਜਾਰੀ ਰਿਹਾ।

ਐਸਟੇਟ ਦਾ ਕਾਸ਼ਤ ਹੋਣ ਯੋਗ ਰਕਬਾ ਅਰੰਭ ਵਿਚ ਨਕਦ ਚਕੋਤੇ ਤੇ ਦਿਤਾ ਜਾਂਦਾ ਰਿਹਾ ਤੇ ਕਾਸ਼ਤ ਦੀ ਸਾਰੀ ਪ੍ਰਬੰਧ ਦੀ ਜਿੰਮੇਵਾਰੀ ਠੇਕੇਦਾਰਾਂ ਦੀ ਹੁੰਦੀ ਜੋ ਕਮੇਟੀ ਨੂੰ ਨਕਦੀ ਦੇ ਰੂਪ 'ਚ ਮੁਕੱਰਰ ਰਕਮ ਠੇਕਾ ਅਦਾਂ ਕਰਦੇ। ਪ੍ਰੰਤੂ ਠੇਕੇਦਾਰ ਲੋਕ ਆਮ ਤੌਰ ਇਸ ਦੀ ਅਦਾਇਗੀ ਵਿਚ ਹੇਰਾ ਫੇਰੀ ਕਰਦੇ ਜਾਂਦੇ ਅਤੇ ਠੇਕਿਆਂ ਦੀਆਂ ਵਡੀਆ-੨ ਰਕਮਾਂ ਭੀ ਵਸੂਲ ਹੋਣੋਂ ਰਹਿ ਜਾਦੀਆਂ ਜਿਸ ਕਾਰਨ ਬੜਾ ਨੁਕਸਾਨ ਹੁੰਦਾ। ਇਸ ਤੋਂ ਇਲਾਵਾ ਅਜੇਹੇ ਪ੍ਰਬੰਧ ਹੇਠ ਐਸਟੇਟ ਦੇ ਅਸਲ ਕਾਸ਼ਤਕਾਰਾਂ ਨਾਲ ਕਮੇਟੀ ਦਾ ਕੋਈ ਸੰਪਰਕ ਨਾ ਰਹਿੰਦਾ ਅਤੇ ਠੇਕੇਦਾਰ ਲੋਕ ਕਾਸ਼ਤਕਾਰਾਂ ਨੂੰ ਭੀ ਬਹੁਤ ਤੰਗ ਰਖਦੇ। ਇਨਾਂ ਗੱਲਾਂ ਨੂੰ ਮੁਖ ਰਖਦੇ ਹੋਏ ਕਮੇਟੀ ਨੇ ਸੰਨ 1934 ਵਿਚ ਕਾਸ਼ਤਕਾਰਾਂ ਨੂੰ ਅਧ ਦੀ ਵੰਡਾਈ ਤੇ ਜ਼ਮੀਨ ਦੇਣ ਦਾ ਤਰੀਕਾ ਅਪਨਾਇਆ ਅਤੇ ਹਰ ਜ਼ਰਈ ਸਾਲ ਦੇ ਅਰੰਭ ਵਿਚ ਹਲ ਵਾਹਕਾਂ ਪਾਸੋਂ ਆਪੋ ਆਪ ਉਨਾਂ ਦੇ ਹਲ ਹੇਠਲੀ ਜ਼ਮੀਨ ਦਾ ਪਟਾ ਕਰਾ ਲਿਆ ਜਾਂਦਾ। ਫਸਲ ਦੀ ਵੰਡ ਕਰਾਉਣ ਲਈ ਪਿੰਡ ਵਾਰ ਮੁਣਸ਼ੀ ਰਖੇ ਜਾਂਦੇ। ਵਡੇ ਪਿੰਡਾਂ ਵਿਚ ਮੁਣਸ਼ੀ ਦੀ ਸਹਇਤਾ ਲਈ ਇਕ-੨ ਸੇਵਾਦਾਰ ਭੀ ਦਿਤਾ ਜਾਂਦਾ ਅਤੇ ਮੁਣਸ਼ੀਆ ਉਪਰ ਨਿਗਰਾਨੀ ਲਈ ਮੀਤ ਮੈਨੇਜਰ ਹੁੰਦਾ। ਜਿਉ-2 ਮਹੰਤਾਂ ਅਤੇ ਪਤੀਕਾਰਾਂ ਪਾਸੋਂ ਨਵੇਂ ਰਕਬੇ ਕਮੇਟੀ ਦੇ ਕਬਜੇ ਵਿਚ ਆਉਂਦੇ ਗਏ, ਜ਼ਿਮੀਦਾਰਾਂ ਸਟਾਫ਼ ਦੀ ਗਿਣਤੀ ਭੀ ਵਧਦੀ



Sri Satguru Jagjit Singh Ji eLibrary NamdhariElibrary@gmail.com

ਗਈ ਅਤੇ ਮੀਤ ਮੈਨੇਜਰ ਭੀ ਇਕ ਦੀ ਬਜਾਏ ਦੋ, ਫਿਰ ਤਿੰਨ ਕੀਤੇ ਗਏ। ਜਦੋਂ ਜ਼ਿਮੀਦਾਰੀ ਦਾ ਕੰਮ ਬਹੁਤ ਵਧ ਗਿਆ ਤਾਂ ਐਸਟੇਟ ਦਾ ਦਫਤਰ ਭੀ ਗੁਰਦੁਆਰਿਆਂ ਦੇ ਜਨਰਲ ਦਫਤਰ ਤੋਂ ਅੱਡਰਾ ਕਰਨਾ ਪਿਆ। ਇਸ ਦਫਤਰ ਦੇ ਪਹਿਲੇ ਇਨਚਾਰਜ ਸ. ਆਤਮਾ ਸਿੰਘ ਸਨ ਜੋ 1969 ਵਿਚ ਪੰਜਾਬ ਦੇ ਮਾਲ ਮੰਤਰੀ ਬਣੇ। ਪ੍ਰੰਤੂ ਇਹ ਕੇਵਲ ਕਾਸ਼ਤ ਦਾ ਹਿਸਾਬ ਕਿਤਾਬ ਰਖਣ ਲਈ ਹੀ ਸੀ, ਐਸਟੇਟ ਦੀ ਸਮੂਚੀ ਆਮਦਨ–ਜਿਣਸ ਅਤੇ ਕੈਸ਼ ਗੁਰਦੁਆਰਿਆਂ ਦੇ ਜਨਰਨ ਸਟੋਰ ਅਤੇ ਖਜ਼ਾਨੇ ਵਿਚ ਹੀ ਜਮਾਂ ਕੀਤੀ ਜਾਂਦੀ ਸੀ। ਅਜੇਹੇ ਪ੍ਰਬੰਧ ਦੇ ਸਮੇਂ ਭੀ ਸ਼ਾਹਪੁਰ ਹਰੀਆਂ ਆਦਿ ਦੇ ਰਕਬੇ ਜੋ ਨਨਕਾਣਾ ਸਾਹਿਬ ਤੋਂ ਕਾਫੀ ਦੂਰ ਸਨ ਅਤੇ ਕੁਝ ਹੋਰ ਸ਼ਹਿਰ ਦੇ ਬਹੁਤ ਨੇੜੇ ਵਾਲੇ ਛੋਟੇ-੨ ਰਕਬੇ ਨਕਦ ਚਕੋਤੇ ਤੇ ਹੀ ਦਿਤੇ ਜਾਂਦੇ ਰਹੇ ਪ੍ਰੰਤੂ ਜਿਉਂ–੨ ਪ੍ਰਬੰਧ ਮਜਬੂਤ ਹੁੰਦਾ ਗਿਆ, ਠੇਕਿਆਂ ਦੀ ਵਸੂਲੀ ਭੀ ਬਕਾਇਦਾ ਹੁੰਦੀ ਗਈ ਜਿਸ ਕਰਕੇ ਹੁਣ ਇਸ ਵੱਨੇ ਭੀ ਕਮੇਟੀ ਨੂੰ ਕੋਈ ਨੁਕਸਾਨ ਨਹੀਂ ਉਠਾਉਣਾ ਪਿਆ।

ਕਿਸੇ ਜ਼ਿਮੀਦਾਰੀ ਐਸਟੇਟ ਦੇ ਉੱਨਤ ਹੋਇਆ ਹੋਣ ਦੀ ਜਾਂਚ ਲਈ ਕੇਵਲ ਇਹੋ ਗੱਲ ਕਾਫੀ ਨਹੀਂ ਹੁੰਦੀ ਕਿ ਉਸ ਦੀ ਆਮਦਨੀ ਵਿਚ ਕਿਤਨਾ ਵਾਧਾ ਹੋਇਆ ਹੈ, ਸਗੋਂ ਇਹ ਭੀ ਵੇਖਣਾ ਹੁੰਦਾ ਹੈ ਕਿ ਐਸਟੇਟ ਦੀ ਆਮਦਨੀ ਦੇ ਸਾਧਨ ਕਿਤਨੇ ਸੁਚੱਜੇ ਹਨ, ਉਨ੍ਹਾਂ ਦਾ ਪ੍ਰਭਾਵ ਸਮੁਚੇ ਤੌਰ ਐਸਟਟ ਦੇ ਵਾਸੀਆਂ ਉਤੇ ਕਿਹੋ ਜਿਹਾ ਪਿਆ ਅਤੇ ਐਸਟੇਟ ਦੇ ਵਸਨੀਕਾਂ ਅਤੇ ਆਮ ਜਨਤਾ ਨੂੰ ਉਸ ਤੋਂ ਕੀ ਲਾਭ ਪੁੱਜਾ। ਜਿਥੋਂ ਤਕ ਕਮੇਟੀ ਦੀ ਸਮੁੱਚੀ ਆਮਦਨ ਅਤੇ ਖਰਚ ਦਾ ਸੰਬੰਧ ਹੈ ਕੁਝ ਅੰਕੜੇ



Sri Satguru Jagjit Singh Ji eLibrary NamdhariElibrary@gmail.com

ਪਾਠਕਾਂ ਦੀ ਦਿਲਚਸਪੀ ਦਾ ਕਾਰਨ ਹੋਣਗੇ।

ਸਾਲ 1931–32 ਵਿਚ ਸਮੁਚੀ ਆਮਦਨੀ 176785 ਰੁਪੈ ਹੋਈ ਸੀ ਪ੍ਰੰਤੂ ਖਰਚ ਪੂਰੇ ਕਰਨ ਲਈ ਕਮੇਟੀ ਨੂੰ 76103 ਕਰਜ਼ਾ ਲੈਣਾ ਪਿਆਂ। ਸੰਨ 1935–36 ਤਕ ਐਸਟੇਟ ਦੀ ਸਾਰੀ ਜ਼ਮੀਨ ਕਮੇਟੀ ਦੇ ਪ੍ਰਬਧ ਹੇਠ ਆ ਗਈ ਸੀ ਇਸ ਤੋਂ ਪਿਛੋਂ ਹੁਣ ਅੰਕੜੇ ਇਸ ਪ੍ਰਕਾਰ ਹਨ।

| ਸਾਲ | ਕੁਲ ਆਮਦਨੀ | ਖਰਚ ਕੱਢਕੇ ਬੱਚਤ |
|---|---|---|
| 1936–37 | 240832 | 33048 |
| 1939–40 | 329099 | 84250 |
| 1942–43 | 493895 | 243444 |
| 1943–44 | 576612 | 245358 |

1945–46 ਤੋਂ ਇਹ ਪ੍ਰਬੰਧ ਸਿਧਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆ ਗਿਆ ਸੀ।

ਸਾਲ 1934–35 ਵਿਚ ਐਸਟੇਟ ਅੰਦਰ ਇਕ ਵੱਡਾ ਫਲਦਾਰ ਬਾਗ ਲਗਾਉਣ ਦੀ ਵਿਉਂਤ ਕੀਤੀ ਗਈ ਸੀ ਅਤੇ ਖਾਲਸਾ ਹਾਈ ਸਕੂਲ ਦੀ ਇਮਾਰਤ ਦੇ ਲਾਗੇ ਹੀ ਇਸ ਸਾਲ 23 ਏਕੜਾਂ ਵਿਚ ਮਿਠੇ ਅਤੇ ਮਾਲਟੇ ਦੇ 2760 ਪੇੜ ਲਗਾ ਦਿਤੇ ਗਏ ਸਨ ਅਗਲੇ ਸਾਲ ਇਸ ਦੇ ਨਾਲ 42 ਏਕੜ ਹੋਰ ਬਾਗ ਹੇਠ ਲਿਆਂਦੇ ਗਏ ਅਤੇ 1936–37 ਤਕ 106 ਏਕੜ ਰਕਬੇ ਵਿਚ ਮਿਠੇ ਮਾਲਟੇ ਸੰਗਤਰ ਅਮਰੂਦ ਨਿੰਬੂ ਆਦਿ ਦਾ ਬਾਗ ਲਹਿ ਲਹਾਉਣ ਲਗ ਗਿਆ, ਜਿਸ ਵਿਚ 14 ਏਕੜ ਹੋਰ ਜਾਮਨ, ਅੰਬ, ਖਜੂਰ, ਅੰਜੀਰ ਬੇਰ ਆਦਿ ਲਗਾ ਕੇ 120 ਏਕੜ ਦਾ ਬਾਗ ਅਗਲੇ ਸਾਲ ਮੁਕੰਮਲ ਕੀਤਾ ਗਿਆ। ਇਸ



Sri Satguru Jagjit Singh Ji eLibrary NamdhariElibrary@gmail.com

ਬਾਗ ਦੀ ਮਸ਼ਹੂਰੀ ਪੰਜਾਬ ਭਰ ਅੰਦਰ ਹੋ ਗਈ ਅਤੇ ਫਲਾਂ ਦੇ ਖ੍ਰੀਦਦਾਰ ਦੂਰ ਦੁਰਾਡੀਆ ਥਾਵਾਂ ਤੋਂ ਆਉਣੇ ਸ਼ੁਰੂ ਹੋ ਗਏ। ਇਸ ਬਾਗ ਦੇ ਮਿਠੇ ਅਤੇ ਸੁਰਖ ਮਾਲਟੇ ਨੇ ਫਲ ਪਾਰਖੂਆ ਦੇ ਦਿਲ ਅੰਦਰ ਵਿਸ਼ੇਸ਼ ਥਾਂ ਲੈ ਲਈ ਹੋਈ ਸੀ ਅਤੇ ਪੰਜਾਬ ਦੀਆਂ ਫਲ ਨੁਮਾਇਸ਼ਾਂ ਸਮੇਂ ਇਸ ਨੂੰ ਇਨਾਮ ਪ੍ਰਾਪਤ ਹੁੰਦੇ। ਮਾਲਟੇ ਦੀ ਵਧੀਆ ਕਿਸਮ ਦਾ ਸਦਕਾ ਹੀ ਸੀ ਕਿ 1942–43 ਵਿਚ ਇਥੋਂ ਦੇ ਕੇਵਲ ਮਾਲਟੇ ਸੰਗਤਰੇ ਦਾ ਫਲ 51767 ਰੁਪੈ ਨੂੰ ਵਿਕਿਆ ਸੀ।

ਇਸ ਤੋਂ ਉਤਸ਼ਾਹਤ ਹੋ ਕੇ ਹੀ 1942–43 ਵਿਚ 170 ਏਕੜ ਦਾ ਹੋਰ ਬਾਗ ਲਗਾਉਣਾ ਅਰੰਭ ਕੀਤਾ ਗਿਆ। ਇਸ ਬਾਗ ਦੀ ਇਕ ਵਿਸ਼ੇਸ ਗੱਲ ਇਹ ਸੀ ਕਿ ਜਿਸ ਥਾਉਂ ਇਹ ਬਾਗ ਵਿਉਂਤਿਆ ਗਿਆ ਉਹ ਥਾਂ ਗੈਰ ਆਬਾਦ ਵੱਡੇ–੨ ਟੋਏ ਟਿਬ ਬਣੀ ਹੋਈ ਸੀ ਕਿਉਂਕਿ ਸ਼ਹਿਰ ਅੰਦਰ ਭਰਤੀ ਵਾਸਤੇ ਲੋੜੀਂਦੀ ਮਿਟੀ ਇਸ ਥਾਂ ਤੋਂ ਹੀ ਹਮੇਸ਼ਾਂ ਪੁਟੀ ਜਾਂਦੀ ਰਹੀ ਸੀ। ਇਸ ਸਾਰੇ ਟੁਕੜੇ ਨੂੰ ਬੜੀ ਮੇਹਨਤ ਨਾਲ ਪਧਰਾ ਕੀਤਾ ਗਿਆ ਅਤੇ ਫਿਰ ਦੋ ਤਿੰਨ ਸਾਲਾਂ ਦੇ ਅੰਦਰ ਅੰਦਰ ਇਕ ਬਾਗ ਲਗਾ ਦਿਤਾ ਗਿਆ ਜਿਸ ਦਾ ਨਾਉਂ ਸ਼ਹੀਦੀ ਬਾਗ ਧਰਿਆ ਗਿਆ।

ਇਸ ਬਾਗ ਦੇ ਲਾਗੇ ਹੀ ਕਰੀਬਨ ਕੁਝ ਏਕੜ ਨਿਕੰਮੀ ਪਈ ਜ਼ਮੀਨ ਵਿਚ ਟਾਹਲੀਆਂ ਦਾ ਜ਼ਖੀਰਾਂ ਵੀ ਲਗਾਇਆ ਗਿਆ ਸੀ। ਏਹੋ ਜੇਹੇ ਹੋਰ ਜ਼ਖੀਰੇ ਭੀ ਕੋਟ ਲਾਭਦਾਸ ਅਤੇ ਧੂਰ ਕੋਟ ਦੀਆਂ ਗੈਰ ਆਬਾਦ ਜ਼ਮੀਨਾਂ ਇਸ ਤੋਂ ਪਹਿਲੋਂ ਲਗਾਏ



Sri Satguru Jagjit Singh Ji eLibrary NamdhariElibrary@gmail.com

ਗਏ ਸਨ। ਇਹੋ ਜ਼ਖੀਰੇ ਹੀ ਗੁਰੂ ਕ ਲੰਗਰ ਵਿਸ਼ੇਸ਼ ਕਰਕੇ ਮੇਲੇ ਦੇ ਲੰਗਰਾਂ ਲਈ ਬਾਲਣ ਪੈਦਾ ਕਰਨ ਦਾ ਸਾਧਨ ਬਣੇ ਸਨ।

ਨਨਕਾਣਾ ਸਾਹਿਬ ਐਸਟੇਟ ਦੇ ਅੱਠ ਅੱਠ ਦਸ ਦਸ ਮੁਰੱਬੇ ਜ਼ਮੀਨ ਦੇ ਕਈ ਟੁਕੜੇ ਇਸ ਲਈ ਗੈਰ ਆਬਾਦ ਪਏ ਸਨ ਕਿ ਉਚੇ ਹੋਣ ਕਰਕੇ ਇਥੇ ਨਹਿਰ ਦਾ ਪਾਣੀ ਨਹੀਂ ਚੜ੍ਹ ਸਕਦਾ ਸਕਦਾ ਸੀ। ਇਨ੍ਹਾਂ ਨੂੰ ਆਬਾਦ ਕਰਨ ਹਿੱਤ ਪੰਪਾਂ ਤੋਂ ਸਿੰਚਾਈ ਦੀ ਸਕੀਮ ਵਿਉਂਤੀ ਗਈ। ਪਹਿਲਾਂ ਛੇ ਇੰਚ ਦਾ ਪੰਪ ਸਕੂਲ ਵਾਲੇ ਬਾਗ ਨੂੰ ਸਿੰਜਣ ਲਈ ਬੁੱਤ ਵਾਲੇ ਖੂਹ ਉਤੇ 1935–36 ਵਿਚ ਲਗਾਇਆ ਗਿਆ ਸੀ, ਇਸੇ ਸਾਲ ਹੀ ਟੇਲ ਮਾਲ ਜੀ ਦੇ ਲਗ ਪਗ ਦਸ ਮੁਰੱਬੇ ਦੇ ਗੈਰ ਆਬਾਦ ਟੁਕੜੇ ਨੂੰ ਆਬਾਦ ਕਰਨ ਲਈ ਮਾਲ ਜੀ ਨਾਮ ਦਾ ਵਡਾ ਪੰਪ ਲਗਾਉਣਾ ਅਰੰਭਿਆ ਗਿਆ ਜੋ ਅਗਲੇ ਸਾਲ ਮੁਕੰਮਲ ਹੋ ਕੇ ਇਸ ਸਾਰੇ ਰਕਬੇ ਦੀ ਸਿੰਚਾਈ ਦਾ ਕਾਰਨ ਬਣਿਆ। ਇਸ ਤੋਂ ਮਗਰੋਂ ਹਰ ਸਾਲ ਇਕ ਦੋ ਨਵੇਂ ਪੰਪ ਲਗਾਏ ਜਾਂਦੇ ਰਹੇ। 1942 ਤਕ ਐਸਟੇਟ ਵਿਚ ਲਗੇ ਪੰਪਾਂ ਦੀ ਗਿਣਤੀ ਦਸ ਹ ਗਈ ਜਿਨ੍ਹਾਂ ਤੋਂ ਲਗਪਗ 2000 ਏਕੜ ਜਿਥੇ ਪਹਿਲੋਂ ਕਰੀਰਾਂ ਤੇ ਵਣਾ ਤੋਂ ਬਿਨਾਂ ਕੁਝ ਨਹੀਂ ਸੀ, ਨਰ–ਮਿਆਂ ਅਤੇ ਕਣਕਾ ਦਾ ਲਹਿਲਹਾਉਂਦਾ ਸਬਜ਼ਾਜ਼ਾਰ ਬਣ ਗਿਆ ਜੋ ਨ ਕੇਵਲ ਗੁਰਦੁਆਰਿਆਂ ਲਈ ਆਮਦਨ ਵਧਾਉਣ ਦਾ ਸਾਧਨ ਬਣਿਆ ਸਗੋਂ ਸੈਂਕੜੇ ਲੋਕਾ ਨੂੰ ਇਥੇ ਕਮਾਈ ਕਰਕੇ ਆਪਨੀ ਅਤੇ ਦੇਸ਼ ਦੀ ਇਕਤਸਾਦੀ ਹਾਲਤ ਚੰਗੀ ਬਨਾਉਣ



Sri Satguru Jagjit Singh Ji eLibrary NamdhariElibrary@gmail.com

ਵਿਚ ਹਿਸਾ ਪਾਇਆ।

ਤੀਜਾ ਸਾਧਨ ਜੋ ਐਸਟੇਟ ਨੂੰ ਉਨੱਤ ਕਰਨ ਦਾ ਪ੍ਰਬੰਧਕਾਂ ਵਲੋਂ ਕੀਤਾ ਗਿਆ ਉਹ ਥੂਰ ਕਲਰ ਹੋ ਚੁਕੀ ਜ਼ਮੀਨ ਨੂੰ ਮੁੜ ਖੇਤੀ ਯੋਗ ਬਨਾਉਣ ਅਤੇ ਰੀਕਲੇਮ ਕਰਨ ਦਾ ਸੀ ਇਸ ਦਾ ਅਰੰਭ 1940 ਵਿਚ ਦੋ ਕਿਊਸਕ ਫਾਲਤੂ ਪਾਣੀ ਮਹਿਕਮਾਂ ਨਹਿਰ ਪਾਸੋਂ ਲੈ ਕੇ ਕੇਵਲ 74 ਏਕੜ ਜ਼ਮੀਨ ਵਿਚ ਕੀਤਾ ਗਿਆ ਸੀ ਅਗਲੇ ਸਾਲ ਛੇ ਕੀਊਸਕ ਦੇ ਹੋਰ ਮੋਘੇ ਲਗਵਾਏ ਅਤੇ 1942 ਵਿਚ 14 ਕੀਊਸਕ ਹੋਰ ਪਾਣੀ ਲਿਆ ਗਿਆ। ਇਸ ਤਰਾਂ ਸੰਨ 1942 ਵਿਚ ਐਸਟੇਟ ਵਿਚ ਬਾਈ ਕਿਊਸਕ ਫਾਲਤੂ ਪਾਣੀ ਕੇਵਲ ਥੂਰ ਰਕਬੇ ਰੀਕਲੇਮ ਕਰਨ ਹਿਤ ਵਰਤਿਆ ਜਾ ਰਿਹਾ ਸੀ ਅਥਵਾ 825 ਏਕੜ ਰਕਬਾ ਜੋ ਥੂਰ ਪੈਦਾ ਹੋ ਜਾਣ ਕਰਕੇ ਨਿਕੰਮਾਂ ਹੋ ਗਿਆ ਸੀ ਮੁੜ ਵਾਹੁਣ ਯੋਗ ਬਨਾਇਆ ਗਿਆ ਜਿਸ ਤੋਂ ਪ੍ਰਤੀ ਏਕੜ ਔਸਤਨ ਪੰਝੀ ਮਣ ਧਾਨ ਅਤੇ 14 ਮਣ ਛੋਲੇ ਹਰ ਸਾਲ ਪੈਦਾ ਹੋਣੇ ਸ਼ੁਰੂ ਹੋ ਗਏ। ਹਰ ਤਿੰਨ ਸਾਲ ਪਿਛੋਂ ਇਸ ਤਰਾਂ ਰੀਕਲੇਮ ਹੋਏ ਰਕਬੇ ਵਿਚ ਨਰਮਾ, ਕਮਾਦ, ਕਣਕ ਆਦਿ ਫਸਲ ਹੋਣ ਲਗ ਜਾਂਦੇ ਅਤੇ ਉਹਦੀ ਥਾਂ ਹੋਰ ਨਵਾਂ ਰਕਬਾ ਰੀਕਲੇਮ ਵਾਲੀ ਮਦ ਹੇਠ ਲੈ ਲਿਆ ਜਾਂਦਾ। ਇਹ ਸਿਲਸਲਾ ਭੀ ਅਖੀਰ ਅਥਵਾ 1943 ਤਕ ਚਲਦਾ ਰਿਹਾ ਜਿਸ ਕਰਕੇ ਬਹੁਤ ਸਾਰੀ ਥੂਰ ਹੋਈ ਜ਼ਮੀਨ ਮੁੜ ਵਾਹੀ ਦੇ ਯੋਗ ਬਣ ਗਈ।

ਐਸਟੇਟ ਅੰਦਰ ਕੁਝ ਫੁਟਕਲ ਟੁਕੜੇ ਜ਼ਮੀਨ ਦੇ ਅਜੇਹੇ ਭੀ ਸੀ ਜਿਥੋਂ ਸ਼ੋਰਾ ਤੇ ਲੂਣ ਨਿਕਲਦਾ ਸੀ। ਸ਼ੁਰੂ-੨ ਵਿਚ ਤਾਂ ਇਹ ਟੁਕੜੇ ਅਜਾਈ ਹੀ ਪਏ ਰਹਿੰਦੇ ਅਤੇ ਇਨਾਂ ਤੋਂ ਕਮੇਟੀ ਨੂੰ ਕੋਈ ਲਾਭ ਨ ਹੁੰਦਾ। ਸੰਨ 1937 ਵਿਚ ਸਾਰੀ ਐਸਟੇਟ ਦੇ ਸ਼ੋਰੇ



Sri Satguru Jagjit Singh Ji eLibrary NamdhariElibrary@gmail.com

ਤੋਂ ਤਿੰਨ ਸਾਲ ਦਾ ਕੇਵਲ 750 ਰੁਪੈਆ ਹੀ ਵਸੂਲ ਹੋਇਆ ਸੀ, ਪ੍ਰੰਤੂ ਤਿੰਨ ਸਾਲ ਪਿਛੋਂ ਅਖਵਾ 1940 ਤੋਂ 1942 ਤਕ ਇਸ ਦਾ ਠੇਕਾ 21300 ਤਕ ਚੜ੍ਹ ਗਿਆ, ਜੋ ਸੰਨ 1943 ਵਿਚ ਅਗਲੇ ਤਿੰਨ ਸਾਲਾਂ ਲਈ 74400 ਹੋ ਗਿਆ ਅਥਵਾ ਛੇ ਸਾਲਾਂ ਵਿਚ ਇਸ ਦੀ ਕੀਮਤ ਸੌ ਗੁਣਾ ਵਧ ਗਈ।

ਇਨ੍ਹਾਂ ਸਾਲਾ ਵਿਚ ਨਨਕਾਣਾ ਸਾਹਿਬ ਐਸਟੇਟ ਅੰਦਰ ਖੇਤੀ ਬਾੜੀ ਅਤੇ ਬਾਗਾਂ ਦੇ ਨਵੇਂ ਤੇ ਉਨੱਤ ਸਾਧਨਾਂ ਦੀ ਵਰਤੋਂ ਨੇ ਇਤਨੀ ਤਰੱਕੀ ਕੀਤੀ ਕਿ ਇਸ ਐਸਟੇਟ ਦਾ ਨਾਮ ਪੰਜਾਬ ਸਰਕਾਰ ਅਤੇ ਹੋਰ ਗਵਾਂਢੀ ਪ੍ਰਾਂਤਾ ਦੀਆਂ ਸਰਕਾਰਾਂ ਦੀਆਂ ਨਜ਼ਰਾ ਵਿਚ ਖਾਸ ਤਰ ਉਘਾ ਹੋ ਗਿਆ ਅਤੇ ਪੰਜਾਬ, ਯੂ. ਪੀ, ਬਿਹਾਰ ਆਦਿ ਪ੍ਰਾਂਤਾ ਦੇ ਖੇਤੀ ਬਾੜੀ ਦੇ ਮਹਿਕਮੇ ਇਥੋਂ ਵਧੀਆਂ ਕਣਕਾਂ ਤੇ ਨਰਮੇ ਦੇ ਬੀਜ ਪ੍ਰਾਪਤ ਕਰਦੇ।

ਕਮੇਟੀ ਵਲੋਂ ਐਸਟੇਟ ਅੰਦਰ ਖੇਤੀ ਕਰਨ ਵਾਲਿਆਂ ਲਈ ਹਿਸਾਰ ਕੈਟਲ ਫਾਰਮ ਦੀ ਵਧੀਆ ਨਸਲ ਦੀਆਂ ਵਹਿੜਾ ਤੇ ਬੈਲ ਸਾਹਨ ਸੈਂਕੜਿਆਂ ਦੀ ਗਿਣਤੀ ਵਿਚ ਹਰ ਸਾਲ ਲਿਆਏ ਜਾਂਦੇ ਅਤੇ ਲੋਕਾਂ ਵਿਚ ਮਾਮੂਲੀ ਕੀਮਤ ਤੋਂ ਵੰਡੇ ਜਾਂਦੇ, ਜਿਸਦਾ ਸਿੱਟਾ ਤਿੰਨ ਚਾਰ ਸਾਲ ਦੇ ਅੰਦਰ੨ ਐਸਟੇਟ ਦੇ ਹਰ ਕਾਸ਼ਤਕਾਰ ਪਾਸ ਚੰਗੀ ਨਸ਼ਲ ਦੇ ਬੈਲ ਪੈਦਾ ਹੋਣੇ ਸ਼ੁਰੂ ਹੋ ਗਏ ਅਤੇ ਐਸਟੇਟ ਦੀ ਪਸ਼ੂ ਨਸਲ ਭੀ ਬੜੀ ਉਨੱਤ ਹੋ ਗਈ। 21 ਫਰਵਰੀ ਸੰਨ 1940 ਨੂੰ ਸ਼ਹੀਦੀ ਮੇਲੇ ਦੇ ਦਿਨ ਕਮੇਟੀ ਵਲੋਂ ਐਸਟੇਟ ਦਾ ਜ਼ਿਮੀਦਾਰਾ ਮੇਲਾ ਕਰਨਾ ਅਰੰਭ ਕੀਤਾ ਗਿਆ ਸੀ। ਇਸ ਮੇਲ ਵਿਚ ਐਸਟੇਟ ਵਧੀਆ ਨਸਲ ਦੇ ਪਸ਼ੂਆਂ ਬੈਲ, ਗਾਈਂ; ਵਛੇ; ਮਝੀਆਂ ਤੇ ਕਟੀਆਂ ਦੀ ਨੁਮਾਇਸ਼ ਲਗਦੀ, ਚੰਗੇ ਪਸ਼ੂਆਂ ਦੀ ਛਾਂਟ ਹੋ ਕੇ ਉਨ੍ਹਾਂ ਨੂੰ ਇਨਾਮ ਦਿਤੇ ਜਾਂਦੇ। ਐਸ਼ਟੇਟ ਦੇ ਪਿੰਡਾਂ ਦੇ ਆਪੋ ਵਿਚ



Sri Satguru Jagjit Singh Ji eLibrary NamdhariElibrary@gmail.com

ਖੇਡਾਂ ਰਸਾਕਸ਼ੀ, ਕਬੱਡੀ, ਦੋੜਾਂ, ਛਾਲਾਂ ਆਦਿ ਦੇ ਮੁਕਾਬਲੇ ਹੁੰਦੇ ਤੇ ਇਨਾਮ ਵੰਡੇ ਜਾਂਦੇ। ਇਸ ਤੋਂ ਇਲਾਵਾ ਹਰ ਪਿੰਡ ਦੇ ਚੰਗੇ ਹਵਾਦਾਰ ਸਾਫ ਸੁਥਰੇ ਮਕਾਨ ਵਾਲੇ ਨੂੰ ਇਨਾਮ ਮਿਲਦਾ, ਸਭ ਤੋਂ ਵਧ ਔਸਤ ਪੈਦਾਵਾਰ ਦਾ ਪਿੰਡਵਾਰ ਦਾ ਇਨਾਮ ਹੁੰਦਾ। ਖੇਤੀ ਦੇ ਕੰਮ ਵਿਚ ਅਗਾਹਾਂ ਵਾਧੂ ਜ਼ਰਾਏ ਤੇ ਔਜ਼ਾਰ ਵਰਤਨ ਦਾ ਇਨਾਮ ਹੁੰਦਾ, ਬਚਿਆਂ ਨੂੰ ਵਿਦਿਆ ਦੇਣ ਤੇ ਸਾਫ ਸੁਥਰੀ ਰਹਿਣੀ ਦਾ ਇਨਾਮ ਦਿਤਾ ਜਾਂਦਾ। ਪਿੰਡ ਦੀ ਸਮੁਚੇ ਤੌਰ ਅਤੇ ਗਲੀਆਂ ਅਤੇ ਖੂਹਾਂ ਦੀ ਸਫਾਈ, ਰੇਹ ਦਾ ਸੰਭਾਲ ਖਾਲ ਵਟ ਬੰਨੇ ਦੀ ਤਰਾਸ਼ੀ, ਗਲ ਕੀ ਪੇਂਡੂ ਤਰੱਕੀ ਦੇ ਹਰ ਪਹਿਲੂ ਤੋਂ ਪਿੰਡ ਅੰਦਰ ਹੋਈ ਉਨਤੀ ਤੋਂ ਮੁਕਾਬਲਾ ਹੁੰਦਾ ਅਤੇ ਪਿੰਡਾਂ ਨੂੰ ਜੇਤੂ ਕਪ ਦਿਤੇ ਜਾਂਦੇ ਜਾਂ ਕਿਸੇ ਹੋਰ ਉਚੇਚੀ ਰਿਆਇਤ ਦਾ ਏਲਾਨ ਜ਼ਿਮੀਦਾਰ ਦਰਬਾਰ ਸਮੇਂ ਕੀਤਾ ਜਾਂਦਾ। ਇਸ ਦਾ ਪ੍ਰਭਾਵ ਜੋ ਪੇਂਡੂ ਉਨਤੀ ਤੇ ਸਮੁਚੇ ਤੌਰ ਹੁੰਦਾ ਉਸ ਦਾ ਕਥਨ ਕਰਨਾ ਭੀ ਕਠਨ ਹੈ! ਇਹ ਦਰਬਾਰ ਕਾਹਦਾ ਹੁੰਦਾ, ਪਿੰਡਾਂ ਨੂੰ ਰੰਗਲਾ ਚੂੜਾ ਚੜ੍ਹ ਜਾਂਦਾ ਅਤੇ ਇਸ ਦਾ ਨਸ਼ਾ ਕਾਫੀ ਸਮੇਂ ਤਕ ਲੋਕਾਂ ਨੂੰ ਚੜ੍ਹਿਆ ਰਹਿੰਦਾ। ਇਸ ਦਾ ਇਕ ਵਿਸ਼ੇਸ਼ ਸਿੱਟਾ ਜੋ ਸੰਨ 1941 ਦੇ ਦਰਬਾਰ ਸਮੇਂ ਮੈਨੇਜਰ ਸਾਹਿਬ ਨੇ ਆਪਨੀ ਰੀਪੋਰਟ ਵਿਚ ਦਰਜ ਕੀਤਾ ਉਹ ਇਹ ਦਾਹਵਾ ਸੀ ਕਿ ਉਸ ਸਮੇਂ ਕਮੇਟੀ ਦੇ ਅਧੀਨ ਵਾਹੀ ਕਰਨ ਵਾਲਾ ਕੋਈ ਕਾਸ਼ਤ ਕਾਰ ਕਮੇਟੀ ਜਾਂ ਕਿਸੇ ਬਾਣੀਏ ਦਾ ਕਰਜ਼ਾਈ ਨਹੀਂ ਸੀ ਅਤੇ ਹਰ ਇਕ ਕਾਸ਼ਤਕਾਰ ਆਪਨੀ ਨਿਜੀ ਕਮਾਈ ਸਦਕਾ ਪੂਰੀ ਤਰਾਂ ਖੁਸ਼ਹਾਲ ਸੀ। ਇਹ ਜ਼ਿਮੀਦਾਰ ਦਰਬਾਰ 1940 ਤੋਂ ਸਲਾਨਾ ਸ਼ਹੀਦੀ ਮੇਲੇ ਦਾ ਇਕ ਜ਼ਰੂਰੀ ਹਿਸਾ ਬਣ ਗਿਆ ਸੀ ਜੋ 1947 ਅਥਵਾ ਦੇਸ਼ ਦੀ ਵੰਡ ਵਾਲੇ ਸਾਲ ਤਕ ਬੜੀ ਸ਼ਾਨ ਨਾਲ ਕੀਤਾ ਜਾਂਦਾ ਰਿਹਾ।



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਹਰ ਸ਼ਹੀਦੀ ਮੇਲੇ ਅੰਦਰ ਹੁੰਦੇ ਜ਼ਿਮੀਦਾਰੀ ਦਰਬਾਰ ਸਮੇਂ ਬਾਹਰ ਦੂਰ ਦੁਰਾਡਿਆਂ ਥਾਵਾਂ ਤੋਂ ਆਏ ਹਜ਼ਾਰਹਾ ਮੇਲੀਆਂ ਤੋਂ ਇਨਾਮ ਨਨਕਾਣਾ ਸਾਹਿਬ ਐਸਟੇਟ ਦੇ ਕਾਸ਼ਤਕਾਰ ਹਾਜ਼ਰ ਹੁੰਦੇ ਅਤੇ ਸੰਬੰਧਤ ਸਾਲ ਭਰ ਅੰਦਰ ਐਸਟੇਟ ਦੀ ਹੋਈ ਤਰੱਕੀ ਬਾਰੇ ਮੈਨੇਜਰ ਰੀਪੋਰਟ ਸੁਣਾਉਂਦਾ। ਇਕ ਜਲਸੇ ਸਮੇਂ ਜਦੋਂ ਮੈਨੇਜਰ ਰੀਪੋਰਟ ਪੜ੍ਹ ਰਿਹਾ ਸੀ ਤਾਂ ਜਲਸੇ ਵਿਚ ਬੈਠਾ ਇਕ ਮੁਸਲਮਾਨ ਜਾਂਗਲੀ ਕਾਸ਼ਤਕਾਰ ਉਠ ਖੜਾ ਹੋਇਆ ਅਤੇ ਆਪਣੀ ਠੱਲੀ ਜੇਹੀ ਬੋਲੀ ਵਿਚ ਉਚੀ ਆਵਾਜ਼ ਕਹਿਓ ਸੂ—

ਓਇ ਸੁਦਾਰਾ ਤੋਹਿ ਤਾਂ ਨਨਕਾਣੇ ਨੂੰ ਰੰਗੀਲਾ ਚੂੜਾ ਚਾੜ ਛਡਿਆ ਏ। ਉਸ ਜਾਂਗਲੀ ਦੇ ਇਨ੍ਹਾਂ ਠੁਲ੍ਹੇ ਜਹੇ ਸਬਦਾਂ ਵਿਚ ਨਨਕਾਣਾ ਸਾਹਿਬ ਐਸਟੇਟ ਅੰਦਰ ਹੋਈ ਤਰੱਕੀ ਦੀ ਤਸਵੀਰ ਖਿਚੀ ਪਈ ਸੀ।

ਸ਼ਹਿਰ ਨਨਕਾਣਾ ਸਾਹਿਬ ਨੂੰ ਉਨਤ ਕਰਨ ਲਈ ਲਗ ਪਗ ਸਾਰੇ ਖਾਲੀ ਥਾਵਾਂ ਦੀ ਇਹਾਤਾ ਬੰਦੀ ਕਰਕੇ ਇਹ ਇਹਾਤੇ ਲੋਕਾਂ ਵਿਚ ਨੀਲਾਮ ਕੀਤੇ ਗਏ ਜਿਸ ਕਰਕੇ ਇਨਾਂ ਸਾਲਾਂ ਅੰਦਰ ਬਹੁਤ ਸਾਰੇ ਨਵੇਂ ਮਕਾਨ ਬਣ ਗਏ ਅਤੇ ਸਹਿਰ ਦੀ ਰੌਣਕ ਵਧੀ ਪ੍ਰੰਤੂ ਵਿਸ਼ੇਸ਼ ਤੌਰ ਤੇ ਜੋ ਕੰਮ ਕਮੇਟੀ ਨੇ ਕੀਤਾ, ਉਹ ਗੁ, ਜਨਮ ਅਸਥਾਨ ਦੇ ਪਿਛਾੜੇ ਨਵੀਂ ਆਬਾਦੀ ਦੀ ਸਕੀਮ ਦਾ ਉਲੀਕਣਾ ਸੀ। ਇਸ ਆਬਾਦੀ ਵਿਚ ਪੰਜ ਮਰਲੇ ਤੋਂ 20 ਮਰਲੇ ਤਕ ਦੇ ਇਹਾਤੇ ਮਾਮੂਲੀ ਮੁਕਰਰ ਕੀਮਤ ਤੋਂ ਲੋਕਾਂ ਨੂੰ ਦਿਤੇ ਗਏ ਜਿਨਾਂ ਨੇ ਦਿਨਾਂ ਵਿਚ ਹੀ ਸੁੰਦਰ ਮਕਾਨ ਖੜੇ ਕਰਕੇ ਇਕ ਵਖਰਾ ਹੀ ਸ਼ਾਨਦਾਰ ਮਹੱਲਾ ਕਾਇਮ ਕਰ ਦਿਤਾ ਜਿਸ ਨਾਲ ਗੁ. ਜਨਮ ਅਸਥਾਨ ਦੀ ਰੌਣਕ ਵਿਚ ਭੀ ਕਾਫੀ ਵਾਧਾ ਹੋਇਆ ਇਸ ਨਵੀਂ



Sri Satguru Jagjit Singh Ji eLibrary NamdhariElibrary@gmail.com

ਆਬਾਦੀ ਦਾ ਅਰੰਭ ਸੰਨ 1935 ਵਿਚ ਕੀਤਾ ਗਿਆ ਸੀ ਅਤੇ 1936 ਦੇ ਅਖੀਰ ਤਕ ਇਥੇ ਸੌ ਤੋਂ ਉਪਰ ਮਕਾਨ ਬਣ ਚੁਕੇ ਸਨ।

ਗੁ. ਜਨਮ ਅਸਥਾਨ ਅਤੇ ਤਬ ਸਾਹਿਬ ਦੇ ਵਿਚਾਲੇ ਜਨਮ ਅਸਥਾਨ ਦੇ ਮਹੰਤਾਂ ਵਲੋਂ ਵਖਰੀ ਗੱਲਾਂ ਮੰਡੀ ਬਣਾਉਣ ਦੀ ਵਿਉਂਤ ਕੀਤੀ ਗਈ ਹੋਈ ਸੀ ਅਤੇ ਇਸ ਵਿਚ ਕਈ ਦੁਕਾਨਾਂ ਭੀ ਬਣੀਆਂ ਹੋਈਆਂ ਸਨ। ਇਹ ਸਾਰੀ ਥਾਉਂ ਮੋਗਾ ਮੰਡੀ ਦੇ ਨਾਮ ਨਾਲ ਪ੍ਰਸਿਧ ਸੀ ਪ੍ਰੰਤੂ ਗੁ. ਮਾਲ ਸਾਹਿਬ ਦੇ ਮਹੰਤ ਵਲੋਂ ਬਣਾਈ ਮੰਡੀ ਮਾਲ ਜੀ ਦੀ ਤਰੱਕੀ ਨੇ ਇਸ ਮੰਡੀ ਦੇ ਪਰਫੁਲਤ ਹੋਣ ਵਿਚ ਰੁਕਾਵਟ ਪਾ ਦਿਤੀ ਸੀ ਜਿਸ ਲਈ ਇਹ ਚਾਲੂ ਹੀ ਨਹੀਂ ਸੀ ਹੋ ਸਕੀ ਅਤੇ ਇਹ ਸਾਰਾ ਥਾਉਂ ਉਜਾੜ ਜੇਹੀ ਹੀ ਪ੍ਰਤੀਤ ਹੁੰਦਾ ਸੀ। ਨਨਕਾਣਾ ਸਾਹਿਬ ਐਸਟੇਟ ਦੀ ਉਪਜ ਵਿਚ ਕਾਫੀ ਵਾਧਾ ਹੋ ਜਾਣ ਅਤੇ ਸਮੁਤੇ ਤੌਰ ਨਨਕਾਣਾ ਸਾਹਿਬ ਅੰਦਰ ਵਪਾਰੀ ਲੋਕਾਂ ਦੀ ਆਵਾਂਜਾਈ ਵਧਣ ਨਾਲ ਦੂਜੀ ਗੱਲਾ ਮੰਡੀ ਦੀ ਲੋੜ ਪ੍ਰਤੀਤ ਹੋਈ। ਗੁ. ਕਮੇਟੀ ਦਾ ਇਸ ਥਾਉਂ ਨੂੰ ਚੰਗੀ ਤਰਾਂ ਆਬਾਦ ਕਰਨ ਦਾ ਭੀ ਵਿਚਾਰ ਬਣਿਆ ਹੋਇਆ ਸੀ ਜਿਸ ਲਈ ਸਾਲ 1943-44 ਵਿਚ ਕਮੇਟੀ ਨੇ ਇਸ ਨਵੀਂ ਜਨਮ ਅਸਥਾਨ ਗੱਲਾ ਮੰਡੀ ਦੇ ਖੋਹਲਣ ਦਾ ਫੈਸਲਾ ਕਰਕੇ ਪੁਰਾਣੀਆਂ ਬਣੀਆਂ ਦੁਕਾਨਾਂ ਨੂੰ ਚਾਲੂ ਕਰਾਇਆ, ਨਵੀਆਂ ਦੁਕਾਨਾਂ ਲਈ ਖਾਲੀ ਥਾਵਾਂ ਵਿਰੋਧਤ ਕਰਕੇ ਨਵੀਆਂ ਦੁਕਾਨਾਂ ਦਾ ਬਨਾਉਣਾ ਅਰੰਭ ਕਰਾਇਆ। ਇਥੇ ਖੂਹ ਚਾਲੂ ਕਰਕੇ ਪਾਣੀ ਦਾ ਪ੍ਰਬੰਧ ਅਤੇ ਮੰਡੀ ਅੰਦਰ ਸੜਕਾਂ ਬਣਾਕੇ ਆਵਾਜਾਈ ਦੇ ਸਾਧਨ ਕਾਇਮ ਕੀਤੇ। ਇਸ ਤਰਾਂ ਨਾਲ ਸ਼ਹਿਰ ਦੀ ਵਪਾਰਕ ਹਾਲਤ ਉਨੱਤ ਕਰਣ ਦਾ ਭੀ ਸ਼ੋਹਣਾ ਸਾਧਨ ਹੋ ਗਿਆ, ਅਤੇ ਮਹੰਤਾਂ ਦੇ ਸਮੇ ਤੋਂ ਇਸ ਉਜਾੜ ਪਈ ਥਾਉਂ ਅੰਦਰ ਚਹਿਲ ਪਹਿਲ ਹੋ ਗਈ।



Sri Satguru Jagjit Singh Ji eLibrary NamdhariElibrary@gmail.com

ਗੁਰਦੁਆਰਿਆਂ ਦੇ ਸੰਬੰਧ ਵਿਚ ਪੁਰਾਣੇ ਸਮਿਆਂ ਤੋਂ ਅਖਾਣ ਪਰਚਲਤ ਹੈ ਕਿ 'ਦੁਗੜ ਵਜੇ ਇਟ ਖੜਕੇ, ਲੋਹ ਤਪੇ ਦੇਗ ਗੜਕੇ' ਜਿਸਦਾ ਭਾਵ ਗੁਰਦੁਆਰਿਆਂ ਤੋਂ ਹਰੀ ਕੀਰਤਨ ਦੀ ਧੁਨੀ ਦਾ ਉਠਦਾ ਰਹਿਣਾ, ਗੁਰੂ ਕੇ ਲੰਗਰ ਦਾ ਵਰਤਦਾ ਰਹਿਣਾ ਅਤੇ ਗੁਰੂ ਅਸਥਾਨਾਂ ਦਾ ਉਸਰਦਾ ਰਹਿਣਾ ਹੈ ਇਸ ਦਾ ਸੰਖੇਪ ਤਿੰਨ ਸ਼ਬਦਾਂ ਕੀਰਤਨ ਲੰਗਰ ਅਤੇ ਗੁਰਦੁਆਰਾ ਹਨ। ਗੁਰੂ ਗੋਲਕ ਦੀ ਸਫਲ ਵਰਤੋਂ ਦੇ ਸਾਧਨ ਇਹੋ ਤਿੰਨ ਅਥਵਾ ਗੁਰਮਤ ਪ੍ਰਚਾਰ, ਅਨਾਥ ਤੇ ਲੋੜਵੰਦ ਦੀ ਸਹਾਇਤਾ ਅਤੇ ਗੁਰ ਅਸਥਾਨ ਦੀ ਸੇਵਾ ਹੀ ਹਨ। ਇਸ ਗੱਲ ਨੂੰ ਮੁਖ ਰਖਦੇ ਹੋਏ ਗੁਰਦੁਆਰਿਆਂ ਦੀ ਸਮੁਚੀ ਆਮਦਨ ਨੂੰ ਇਨਾਂ ਤਿੰਨ ਕੰਮਾਂ ਤੇ ਵਰਤਣ ਦਾ ਪ੍ਰੋਗਰਾਮ ਹਮੇਸ਼ਾਂ ਹੀ ਬਣਿਆ ਰਹਿੰਦਾ ਸੀ। ਗੁਰਦੁਆਰਿਆਂ ਅੰਦਰ ਕਥਾ ਕੀਰਤਨ ਅਤੇ ਗੁਰੂ ਕੇ ਲੰਗਰ ਦਾ ਦੋ ਵਕਤ ਚਾਲੂ ਰਹਿਣਾ ਤਾਂ ਸੁਭਾਵਕ ਅਤੇ ਨਿਤਾਪ੍ਰਤ ਦੇ ਕਰਮ ਬਣ ਹੀ ਚੁਕੇ ਸਨ ਬਲਕਿ ਗੁਰਦੁਆਰਿਆਂ ਤੋਂ ਬਾਹਰ ਦੂਰ ੨ ਥਾਈਂ ਭੀ ਗੁਰਮਤ ਤੇ ਵਿਦਿਆ ਪ੍ਰਚਾਰ ਅਤੇ ਸਹਾਇਤਾ ਲਈ ਆਮਦਨੀ ਦੇ ਵਿਸ਼ੇਸ਼ ਹਿਸ ਰਾਖਵੇਂ ਕੀਤੇ ਜਾਂਦੇ। ਇਨਾਂ ਦੇ ਨਾਲ ਖਰਚ ਦੀ ਤੀਜੀ ਵਡੀ ਮਦ ਗੁਰਦੁਆਰੇ ਅਤੇ ਇਨਾਂ ਨਾਲ ਸੰਬੰਧਤ ਇਮਾਰਤਾਂ ਦੀ ਤਾਮੀਰ ਅਤੇ ਮੁਰੰਮਤ ਦੀ ਹੁੰਦੀ। ਇਸ ਮਦ ਹੇਠ ਹਰ ਸਾਲ ਕਾਫੀ ਵਡੀ ਰਕਮ ਰਾਖਵੀਂ ਕੀਤੀ ਜਾਂਦੀ ਇਸ ਦੀ ਠੀਕ ਵਰਤੋਂ ਤੇ ਪ੍ਰਬੰਧ ਲਈ ਇਮਾਰਤਾਂ ਦਾ ਅਪਨਾ ਵਿਭਾਗ ਕਾਇਮ ਕੀਤਾਂ ਗਿਆ ਹੋਇਆ ਸੀ, ਜੋ ਸਾਲਾਨਾ ਮੁਰੰਮਤਾਂ ਤੋਂ ਇਲਾਵਾ ਹਰ ਸਾਲ ਕੋਈ ਨ ਕੋਈ ਨਵਾਂ ਕੰਮ ਕਰਕੇ ਆਪਣੀ ਹੋਂਦ ਨੂੰ ਸੁਫਲਾ ਕਰਦਾ।

ਗੁਰਦੁਆਰਾ ਕਮੇਟੀ ਦੇ ਸਲਾਨਾ ਬਜਟ ਵਿਚ ਇਕ



Sri Satguru Jagjit Singh Ji eLibrary NamdhariElibrary@gmail.com

ਵਿਸ਼ੇਸ਼ ਮਦ ਗੁਰਸਿਖੀ ਦੇ ਪ੍ਰਚਾਰ ਦਾ ਹੁੰਦਾ ਸੋ ਗੁਰਮਤਿ ਪ੍ਰਚਾਰ ਦੇ ਲਈ ਵਿਸ਼ੇਸ਼ ਪ੍ਰਚਾਰਕ ਰਖੇ ਜਾਂਦੇ ਸਨ ਸੋ ਇਲਾਕੇ ਦੇ ਲੋਕਾਂ ਦੀ ਮੰਗ ਅਨੁਸਾਰ ਧਾਰਮਕ ਦੀਵਾਨਾਂ ਵਿਚ ਭੇਜੇ ਜਾਂਦੇ ਪ੍ਰਤੂ ਸਹਿਜ਼ ਗੁਰਮਤਿ ਪ੍ਰਚਾਰ ਦਾ ਵਖਰਾ ਮਦ ਕਾਇਮ ਕਰਕੇ ਦੇਸ਼ ਦੇ ਵਿਸੇਸ਼ ਹਿਸਿਆਂ ਵਿਚ ਗੁਰੂ ਮਤਿ ਪ੍ਰਚਾਰ ਸੈਂਟਰ ਕਾਇਮ ਕੀਤੇ ਗਏ। ਪ੍ਰਚਾਰ ਮਦ ਦਾ ਵਖਰਾ ਇਨਚਾਰਜ ਗਿਆਨੀ ਬਾਦਲ ਸਿੰਘ ਨਿਯੁਕਤਿਆ ਗਿਆ ਜਿਸ ਦੇ ਅਧੀਨ ਹੋਰ ਕਈ ਪ੍ਰਚਾਰਕ ਲਗਾਏ ਗਏ ਅਤੇ ਦਿਲੀ, ਮੇਰਠ, ਮੁਰਾਦਾਬਾਦ ਦੀ ਸੜਕਾਂ ਦੇ ਸੰਗਮ ਹਾਪੜ ਨਾਮ ਦੇ ਅਸਥਾਨ ਤੇ ਨਨਕਾਣਾ ਸਾਹਿਬ ਗੁਰਮਤਿ ਪ੍ਰਚਾਰ ਸੈਂਟਰ ਕਾਇਮ ਕੀਤਾ ਗਿਆ ਜਿਸ ਦੇ ਪ੍ਰਚਾਰ ਸਰਕਲ ਵਿਚ ਜਿਲਾਂ ਮੇਰਠ, ਮੁਰਾਦਾਬਾਦ, ਬਲੰਦ ਸ਼ਹਿਰ, ਗੜ੍ਹ ਮੁਕਤੇਸਰ ਸੰਭੋਲੀ ਆਦਿ ਅਤੇ ਪੰਜਾਬ ਦੇ ਜ਼ਿਲਾ ਗੁੜਗਾਓ ਸ਼ਾਮਲ ਕੀਤੇ ਗਏ ਇਨਾਂ ਵਿਚ ਕਈ ਥਾਵਾਂ ਤੇ ਜਿਵੇਂ ਕੁਚੇਸਰ ਗੜ ਮੁਕਤੇਸਰ ਨਾਰੰਗਪੁਰ ਅਤੇ ਕਈ ਹੋਰ ਜ਼ਗਾ ਤੇ ਬਚਿਆਂ ਦੇ ਸਕੂਲ ਭੀ ਖੋਲੇ ਗਏ ਜਿਥੇ ਪੜ੍ਹਣ ਵਾਲੇ ਬਚਿਆਂ ਨੂੰ ਵਿਸ਼ੇਸ਼ ਤੋਰ ਸਿਖ ਧਰਮ ਦੀ ਪੜਾਈ ਕਰਾਈ ਜਾਂਦੀ।

ਇਸ ਸਕੀਮ ਅਧੀਨ ਹੀ ਬੰਬਈ ਦੀ ਮਾਟੂੰਗਾ ਕਾਲੋਨੀ ਵਿਚ ਗੁਰੂ ਨਾਨਕ ਖਾਲਸਾ ਕਾਲਜ ਚਾਲੂ ਕੀਤਾ ਗਿਆ ਜਿਸ ਦਾ ਵਿਸਥਾਰ ਅਗੇ ਦਿਤਾ ਜਾ ਰਿਹਾ ਹੈ।

ਗੁ. ਕਮੇਟੀਆਂ ਦੇ ਪ੍ਰਬੰਧ ਹੇਠ ਹੋਏ ਸਾਰੇ ਕੰਮਾਂ ਦਾ ਵਿਸਥਾਰ ਤਾਂ ਇਸ ਲੇਖਨੀ ਦੇ ਆਕਾਰ ਨੂੰ ਸ਼ਾਇਦ ਬਹੁਤ ਵਧਾ ਦੇਵੇ ਜਿਸ ਲਈ ਕੁਝ ਹੋਰ ਮੋਟੇ੨ ਕੰਮਾਂ ਦਾ ਕੇਵਲ ਨਾਮ ਮਾਤਰ ਵਰਨਣ ਹੀ ਕੀਤਾ ਜਾਵੇਗਾ।



Sri Satguru Jagjit Singh Ji eLibrary NamdhariElibrary@gmail.com

ਸ੍ਰੀ ਗੁਰੂ ਨਾਨਕ ਖਾਲਸਾ ਹਾਈ ਸਕੂਲ ਨਨਕਾਣਾ ਸਾਹਿਬ ਅਤੇ ਖਾਲਸਾ ਕਾਲਜ ਬੰਬਈ ਦੀਆਂ ਵਡੀਆ ਅਤੇ ਸ਼ਾਹਾਨਾ ਇਮਾਰਤਾਂ, ਸਿਖ ਗਰਲਜ ਹਾਈ ਸਕੂਲ, ਕਈ ਪ੍ਰਇਮਰੀ ਅਤੇ ਮਿਡਲ ਸਕੂਲ ਤੇ ਗੁਰਦੁਆਰਿਆਂ ਨਾਲ ਸੰਬੰਧਤ ਦੁਕਾਨਾਂ ਅਤੇ ਐਸਟੇਟ ਦੀ ਉਪਜ ਲਈ ਥਾਉਂ ਥਾਈਂ ਸਟੋਰ ਤੇ ਸਟਾਫ ਕੁਆਰਟਰਜ਼ ਨੂੰ ਪ੍ਰਬੰਧਕ ਇਮਾਰਤਾਂ ਦੀ ਲੜੀ ਅੰਦਰ ਛਡਦੇ ਹੋਏ ਅਸੀਂ ਕੇਵਲ ਗੁਰਦੁਆਰਿਆਂ ਬਾਰੇ ਕੁਝ ਕਰਵਾਂਗੇ।

ਗੁਰਦੁਆਰਾ ਬਾਲ ਲੀਲਾ ਦੀ ਅਧੂਰੀ ਇਮਾਰਤ ਨੂੰ ਮੁਕੰਮਲ ਕਰਨਾ, ਗੁਰਦੁਆਰਾ ਤੰਬੂ ਸਾਹਿਬ ਦੀ ਨਵੀਂ ਇਮਾਰਤ ਅਤੇ ਇਸ ਦੇ ਵਿਸ਼ਾਲ ਇਹਾਤੇ ਅੰਦਰ ਸੁੰਦਰ ਲਾਇਬ੍ਰੇਰੀ ਦੀ ਸ਼ਥਾਪਤੀ ਗੁ ਮਾਲ ਜੀ ਦੀ ਦਰਸ਼ਨੀ ਡਿਉਢੀ ਸਹਿਤ ਸੰਬੰਧਤ ਪ੍ਰਕਾਸ ਅਸਥਾਨਾਂ ਦੇ. ਇਸੇ ਗੁਰਦੁਆਰੇ ਦੇ ਇਹਾਤੇ ਅੰਦਰ ਯਾਤ ਰੂਆ ਲਈ ਰਿਹਾਇਸ਼ੀ ਅਸਥਾਨ ਅਥਵਾ ਸਰਾਏ ਅਤੇ ਮਾਲ ਜੀ ਦਾ ਨਵਾਂ ਸਰੋਵਰ ਗੁਰਦੁਆਰਾ ਕਿਆਰ ਸਾਹਿਬ ਦੇ ਚਾਰੇਂ ਪਾਸੇ ਥਰਾਂਡਾ ਅਤੇ ਇਹਾਤਾ ਗੁਰੂ ਕੇ ਨਵੇਂ ਲੰਗਰ ਦਾ ਵਿਸ਼ਾਲ ਵਲ .. ਗਣ ਲੰਗਰ ਹਾਲ ਤੇ ਸਟੋਰ, ਗੁਰੂ ਨਾਨਕ ਸਰਾਏ ਦੀ ਡਿਉਢੀ ਉਪਰ ਦੇ ਚੁਬਾਰੇ ਅਤੇ ਸਰਾਏ ਦੇ ਅੰਦਰ ਟੀਊਬ ਵੈਲ ਤੇ ਸੁੰਦਰ ਇਸ਼ਨਾਨ ਘਰ ਸ਼ਹੀਦੀ ਯਾਦ ਅੰਦਰ ਬਣਿਆ ਸੰਗਮਰਮਰ ਦਾ ਸ਼ਹੀਦ ਗੰਜ ਅਤੇ ਗੁਰਦੁਆਰਾ ਜਨਮ ਅਸਥਾਨ ਦੇ ਇਹਾਤੇ ਨੂੰ ਦਖਣ ਪਛਮ ਤੇ ਉਤਰ ਦੀ ਓਰ ਨੂੰ ਖੋਹਲ ਕੇ ਸ਼ਹੀਦੀ ਡਿਉਢੀ ਤੇ ਸੰਬੰਧਤ ਸ਼ਹੀਦ ਬਾਬਾ ਜੀ ਦਾ ਅਸਥਾਨ ਅਤੇ ਦਰਸ਼ਨੀ ਡਿਉਢੀ ਦੇ ਉਪਰ ਪਾਲਕੀਆਂ ਅਤੇ ਦੋਨੋ ਬੁਰਜ ਕੁਝ ਕੁ ਉਹ ਥਾਵਾਂ ਹਨ ਜਿਨਾਂ ਦਾ ਕੇਵਲ ਨਾਮਮਾਤਰ ਜਿਕਰ ਹੀ ਕੀਤਾ ਹੈ। ਇਕ ਅਤਿ ਜ਼ਰੂਰੀ ਕੰਮ ਜਿਸਦਾ ਕੀਤਾ ਜਾਣਾ ਜਰੂਰੀ ਸੀ ਉਹ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਸੀ, ਗੁਰਦੁਆਰਾ ਜਨਮ ਅਸਥਾਨ ਦੀ ਇਮਾਰਤ ਦਾ ਬਣਾਇਆ ਜਾਣਾ। ਜਇਦਾਦਾਂ ਦੇ ਮੁਕਦਮਾਤ ਅਤੇ ਹੋਰ ਜ਼ਰੂਰੀ ਪ੍ਰਬੰਧਕੀ ਦੇ ਕੰਮਾਂ ਨੂੰ ਨਜਿਠੇ ਜਾਣ ਪਿਛੋਂ ਗੁ. ਕਮੇਟੀ ਦੇ ਸਾਹਮਣੇ ਮਹੱਤਵ ਪੂਰਨ ਕੰਮ ਇਸ ਪ੍ਰਿਥਮ ਅਸਥਾਨ ਨੂੰ ਇਸ ਦੀ ਪ੍ਰਤਿਭਾ ਦੇ ਅਨੁਕੂਲ ਬਣਾਉਣਾ ਸੀ ਜਿਸ ਵੱਲ ਸਾਰੀ ਕੌਮ ਦੀ ਰੂਚੀ ਲਗ ਰਹੀ ਸੀ ਅਤੇ ਜਿਸ ਦੇ ਲਈ ਕਮੇਟੀ ਦੀ ਮਾਇਕ ਸਮਰਥਾ ਵੀ ਹੁਣ ਇਸ ਕੰਮ ਨੂੰ ਹਥ ਪਾਉਣ ਯੋਗ ਹੋ ਗਈ ਸੀ। ਚੁਨਾਚਿ 6 ਸਤੰਬਰ 1941 ਨੂੰ ਕਮੇਟੀ ਨੇ ਇਸ ਦੇ ਅਰੰਭ ਕਰਨ ਅਤੇ ਨੀਯਮ ਅਨੁਸਾਰ ਇਸ ਦੀ ਪ੍ਰਵਾਨਗੀ ਸ੍ਰੋਮਣੀ ਗੁ. ਕਮੇਟੀ ਪਾਸੋਂ ਲੈਣ ਦਾ ਫੈਸਲਾ ਕੀਤਾ ਅਤੇ ਚਲਦੇ ਸਾਲ ਵਿਚ ਇਸ ਉਤ ਗੁਰਦੁਆਰ ਦੇ ਖ਼ਜਾਨੇ ਵਿਚੋਂ ਪੰਜਾਹ ਹਜ਼ਾਰ ਰੁਪੈਆ ਖਰਚ ਕਰਨਾ ਪ੍ਰਵਾਣ ਕਰਕੇ ਇਮਾਰਤ ਦੀ ਬੁਨਿਆਦੀ ਸਿਲਾ ਇਸ ਸਾਲ ਦੇ ਗੁਰੂ ਨਾਨਕ ਦੇਵ ਜੀ ਦੇ ਜਨਮ ਉਤਸਵ ਦੇ ਦਿਨ ਅਥਵਾ 9–11–41 ਲਖ ਤੋਂ ਉਪਰ ਸ਼ਰਧਾਲੂਆਂ ਦੀ ਹਾਜ਼ਰੀ ਵਿਚ ਪੰਜ ਪਿਆਰਿਆਂ ਦੇ ਹਥੋਂ ਰਖਵਾ ਦਿਤੀ। ਪ੍ਰੰਤੂ ਕੰਮ ਵਿਚ ਕਈ ਅੜਿਚਨਾ ਪੈਂਦੇ ਰਹਿਣ ਕਰਕੇ ਇਸ ਦੀ ਉਸਾਰੀ ਛੇਤੀ ਸ਼ੁਰੂ ਨ ਹੋ ਸਕੀ। ਸ੍ਰੋ. ਗੁ. ਕਮੇਟੀ ਨੇ ਇਮਾਰਤ ਦੇ ਬਨਾਉਣ ਦੀ ਅਤੇ ਗੁ. ਫੰਡ ਵਿਚੋਂ ਇਸ ਵਾਸਤੇ ਦੋ ਲਖ ਰੁਪੈ ਰਾਖਵੇਂ ਕਰਨ ਦੀ ਪ੍ਰਵਾਨਗੀ ਮਿਤੀ 30–10–44 ਨੂੰ ਦਿਤੀ। ਪੰਜਾਬ ਭਰ ਦੇ ਉਘੇ ਸਿਖ ਇੰਜੀਨੀਅਰਜ਼ ਦੇ ਸਲਾਹ ਮਸ਼ਵਰੇ ਨਾਲ ਇਸ ਦਾ ਨਕਸ਼ਾ ਤਿਆਰ ਕੀਤਾ ਗਿਆ ਪ੍ਰੰਤੂ ਪ੍ਰਬੰਧ ਦੀ ਅਦਲਾ ਬਦਲੀ ਅਤੇ ਕਈ ਹੋਰ ਕਾਰਨਾਂ ਸਦਕਾ ਇਹ ਕੰਮ ਲਮਕਦਾ ਹੀ ਗਿਆ। ਅਖੀਰ ਸਾਲ 1946–47 ਵਿਚ ਇਸ ਦੀਆਂ ਬਾਰਾਂ ਫੁਟ ਚੌੜੀਆਂ ਤੇ ਡੂੰਘੀਆਂ ਨੀਹਾਂ ਭੀ ਖੋਦ ਲਈਆਂ ਗਈਆਂ ਪਰ ਸ਼ਾਇਦ ਦਾਤੇ ਨੂੰ ਹਾਲੇ ਇਹ ਸੇਵਾ



Sri Satguru Jagjit Singh Ji eLibrary NamdhariElibrary@gmail.com

ਲੈਣੀ ਮਨਜ਼ੂਰ ਨਹੀਂ ਸੀ, ਇਹ ਇਮਾਰਤ ਨ ਬਨਾਈ ਜਾ ਸਕੀ ਅਤੇ 1947 ਦੀ ਦੇਸ ਵੰਡ ਤੇ ਘਲੂ ਘਾਰੇ ਸਮੇਂ ਇਹ ਖੁਦੀਆਂ ਹੋਈਆਂ ਨੀਹਾਂ ਨੂੰ ਮੁੜ ਸੁਕੀ ਰੋੜੀ ਨਾਲ ਭਰ ਕੇ ਉਪਰ ਇਟਾਂ ਦਾ ਫਰਸ਼ ਥੜੇ ਨਾਲ ਪਧਰਾ ਲਗਾ ਕੇ ਇਸ ਕੰਮ ਨੂੰ ਇਥੇ ਹੀ ਛਡਣਾ ਪਿਆ। ਦੇਸ ਵੰਡ ਹੋ ਜਾਣ ਪਿਛੋਂ ਹੁਣ ਭਾਵੇਂ ਨਨਕਾਣਾ ਸਾਹਿਬ ਹਿੰਦੁਸਤਾਨ ਦਾ ਭਾਗ ਨਹੀ ਰਿਹਾ, ਪ੍ਰੰਤੂ ਗੁਰੂ ਨਾਨਕ ਜੀ ਇਸ ਪਵਿਤਰ ਇਤਹਾਸਕ ਅਸਥਾਨ ਨੂੰ ਉਨਾਂ ਦੀ ਸ਼ਾਨ ਦੇ ਮੁਤਾਬਕ ਕਾਇਮ ਕਰ ਕ ਉਨਾਂ ਦੀ ਯਾਦ ਨੂੰ ਸੰਸਾਰ ਦੀਆਂ ਆਉਣ ਵਾਲੀਆਂ ਪੁਸ਼ਤਾਂ ਲਈ ਕਾਇਮ ਕਰੀ ਰਖਣ ਦੀ ਜ਼ਿਮੇਵਾਰੀ ਸਮੂਹ ਨਾਨਕ ਨਾਮ ਲੇਵਾ ਲੋਕਾਂ ਦੇ ਸਿਰ ਹੈ ਅਤੇ ਭਾਵੇਂ ਇਹ ਮਹਾਨ ਕਾਰਜ ਦੂਜੇ ਦੇਸ਼ (ਪਾਕਸਤਾਨ) ਅੰਦਰ ਜਾ ਕੇ ਕਰਨਾ ਪਵੇਗਾ ਫਿਰ ਭੀ ਇਸ ਦਾ ਕੀਤਾ ਜਾਣਾ ਅਜ਼ਹਦ ਜ਼ਰੂਰੀ ਹੈ। ਇਸ ਦੇ ਕਰਨ ਵਾਸਤੇ ਕੌਮ ਪਾਸ ਅਜ ਵਸੀਲਾ ਭੀ ਹੈ ਕਿਉਂਕਿ ਨਨ-ਕਾਣਾ ਸਾਹਿਬ ਐਸਟੇਟ ਦੀ ਆਮਦਨੀ ਜਿਸ ਨੂੰ ਪਾਕਸਤਾਨ ਅੰਦਰ ਹੀ ਖਰਚ ਕੀਤਾ ਜਾ ਸਕਦਾ ਹੈ, ਕਿਸੇ ਲੇਖੇ ਨਹੀਂ ਲਗ ਰਹੀ ਅਤੇ ਜੇ ਕਰ ਜਨਮ ਅਸਥਾਨ ਦੀ ਇਮਾਰਤ ਬਣ ਜਾਵੇ ਤਾਂ ਇਹ ਆਮਦਨੀ ਭੀ ਸਕਾਰਥੀ ਸਮਝੀ ਜਾਵੇਗੀ ਅਤੇ ਇਸ ਇਤਹਾਸਕ ਯਾਦ ਦੀ ਉਮਰ ਘਟੋ ਘਟ ਕੁਝ ਸਦੀਆਂ ਹੋਰ ਵਧ ਜਾਵੇਗੀ।

ਗੁਰਦੁਆਰਾ ਨਨਕਾਣਾ ਸਾਹਿਬ ਦੇ ਇਮਾਰਤੀ ਕੰਮਾਂ ਦਾ ਕਾਂਡ ਉਸ ਮਹਾਨ ਸੇਵਾ ਦੇ ਜ਼ਿਕਰ ਤੋਂ ਬਿਨਾਂ ਅਧੂਰਾ ਰਹਿ ਜਾਵੇਗਾ, ਜੋ ਸੇਵਾ ਸ੍ਰੀ ਮਾਨ ਸੰਤ ਬਾਬਾ ਗੁਰਮੁਖ ਸਿੰਘ ਜੀ ਨੇ ਉਥੇ ਜਾ ਕੇ ਜੂਨ 1942 ਵਿਚ ਅਰੰਭ ਕਰਾਈ ਅਤੇ ਦੇਸ਼ ਵੰਡ ਦੇ ਸਮੇਂ ਅਥਵਾ ਅਗਸਤ 1947 ਤਕ ਕਰਾਉਂਦੇ ਰਹੇ ਆਪ ਨੇ ਇਸ



Sri Satguru Jagjit Singh Ji eLibrary NamdhariElibrary@gmail.com

ਸਮੇਂ ਅੰਦਰ ਸਰੋਵਰ ਬਾਲ ਲੀਲਾ ਤੇ ਸਰੋਵਰ ਜਨਮ ਅਸਥਾਨ ਦੇ ਪੌੜ ਤੇ ਪਰਕਮਾਂ ਨਵੇਂ ਸਿਰਿਉਂ ਬਣਾ ਕੇ ਇਨ੍ਹਾਂ ਦੀ ਪਵਿਤਰਤਾ ਨੂੰ ਮੁਖ ਰਖਦੇ ਹਏ ਇਨਾਂ ਦੇ ਦੁਆਲੇ ਸਤ ਫੁਟਾਂ ਉਚੀਆਂ ਨਿੱਗਰ ਦੀਵਾਰਾਂ ਬਣਾ ਕੇ ਗੇਟ ਲਗਵਾ ਦਿਤੇ। ਇਸੇ ਤਰਾਂ ਦਾ ਇਕ ਨਵਾਂ ਸਰੋਵਰ ਗੁ. ਕਿਆਰਾ ਸਾਹਿਬ ਦੇ ਬਾਹਰ ਬਣਵਾਇਆ, ਗੁ. ਬਾਲ ਲੀਲਾ ਦੇ ਸਾਮਣੇ ਦੀਵਾਨ ਸਜਾਉਣ ਲਈ ਸੁੰਦਰ ਵਿਸ਼ਾਲ ਥੜਾ ਅਤੇ ਪਿਛਾਉੜੇ ਗੁਰਦੁਆਰੇ ਤੋਂ ਸਰੋਵਰ ਵਿਚ ਜਾਣ ਲਈ ਸੋਹਣੇ ਪੌੜ ਤੇ ਬੈਠਣ ਦੇ ਥਾਉਂ ਬਨਾਏ। ਇਕ ਵਿਸੇਸ਼ ਕੰਮ ਸਰੋਵਰਾਂ ਵਿਚ ਨਿਰਮਲ ਜਲ ਪੈਂਦਾ ਤੇ ਨਿਕਲਦਾ ਰਹਿਣ ਲਈ ਸਾਢੇ ਤਿੰਨ ਮੀਲ ਲੰਮੀ ਪਕੀ ਹੰਸਲੀ ਸੀ ਜੋ ਰਾਜਬਾਹ ਨਾਹਰੇ ਦੀ ਬੁਰਜੀ 16000 ਤੋਂ ਸ਼ੁਰੂ ਹੋ ਕੇ ਸਰੋਵਰ ਜਨਮ ਅਸਥਾਨ ਵਿਚ ਪਾਣੀ ਪਾਉਂਦੀ ਅਤੇ ਇਥੋਂ ਸਰੋਵਰ ਬਾਲ ਲੀਲਾ ਨੂੰ ਪਾਣੀ ਦੇਂਦੀ ਸੰਤ ਬਾਬਾ ਜੀ ਦੇ ਇਸ ਕੰਮ ਦੀ ਵਿਸ਼ੇਸ਼ਤਾਈ ਇਸ ਗੱਲ ਵਿਚ ਸੀ ਕਿ ਇਹ ਸਾਰੀ ਸੇਵਾ ਨਿਰੋਲ ਪ੍ਰੇਮ ਦੀ ਸੇਵਾ ਸੀ ਜਿਸ ਦੇ ਕਰਨ ਲਈ ਵਡੇ ਤੋਂ ਵਡੇ ਧਨਾਢ ਘਰਾਣਿਆਂ ਦੀਆਂ ਬੀਬੀਆਂ ਤੇ ਸਰਦਾਰ ਤੇ ਸਤ ਭੀ ਆਪਣੇ ਸਿਰਾਂ ਪਰ ਮਿਟੀ ਤੇ ਗਾਰੇ ਦੀਆਂ ਟੋਕਰੀਆਂ ਉਠਾਉਂਦੇ ਰੋੜੀ ਕੁਟਦੇ ਅਤੇ ਹੋਰ ਅਨੇਕ ਪ੍ਰਕਾਰ ਦੀ ਸੇਵਾ ਕਰਦੇ ਅਤੇ ਸਾਰਾ ਸਮਾਂ ਹੀ ਜਿਤਨਾ ਚਿਰ ਸੇਵਾ ਲਗੀ ਰਹਿੰਦੀ 'ਸਤਿਨਾਮ ਵਾਹਿਗੁਰੂ ਅਤੇ ''ਆਪਿ ਸਹਾਈ ਹੋਆ ਸੱਚੇ ਦਾ ਸਚਾ ਢੋਆ' ਜੀਵਨ ਬਖਸ਼ਣ ਵਾਲੀਆਂ ਗੁਰੂ ਬਾਣੀ ਦੀਆਂ ਤੁਕਾਂ ਦੀ ਅਗਾਹ ਰਸ ਭਿੰਨੀ ਧੁਨੀ ਲਗੀ ਰਹਿੰਦੀ ਅਤੇ ਇਸ ਨੂੰ ਇਕ ਅਲੌਕਿਕ ਹਰੀ ਸੰਗੀਤ ਅਸਥਾਨ ਵਿਚ ਪਲਟੇ ਰਖਦੀ। ਅੱਸੀ ਸਾਲ ਦੇ ਬਿਰਧ ਬਾਬਾ ਗੁਰਮੁਖ ਸਿੰਘ ਜੀ ਇਹ ਸਾਰਾ ਸਮਾਂ ਪਾਸ ਬੈਠ ਕੇ ਆਪ ਕੰਮ ਦੀ ਦੇਖ ਭਾਲ ਕਰਦੇ ਰਹਿੰਦੇ ਅਤੇ ਆਪ ਜੀ ਦੀ



Sri Satguru Jagjit Singh Ji eLibrary NamdhariElibrary@gmail.com

ਸੇਵਾ ਵਿਚ ਲੱਗਾ ਇਕ ਗੁਰੂ ਪਿਆਰਾ ਸੁਰੀਲੀ ਤੇ ਮਧੁਰ ਸੁਰ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਅਨੇਕਾਂ ਸ਼ਬਦ ਕੰਠੋਂ ਦੁਹਰਾਉਂਦਾ ਰਹਿੰਦਾ ਜਿਸ ਦੀ ਧੁਨੀ ਸੇਵਾ ਕਰਨ ਵਾਲੇ ਅਤੇ ਹੋਰ ਸਰੋਤਿਆਂ ਨੂੰ ਇਲਾਹੀ ਰੰਗ ਅੰਦਰ ਰੰਗੇ ਰਖਦੀ। ਜਿਨ੍ਹਾਂ ਨੂੰ ਇਸ ਧੁਨੀ ਦਾ ਰਸ ਮਾਨਣ ਦਾ ਅਵਸਰ ਪ੍ਰਾਪਤ ਹੋਇਆ ਹੈ ਉਨ੍ਹਾਂ ਦੇ ਕੰਨਾਂ ਵਿਚ ਅਜ ਕਈ ਸਾਲ ਬੀਤਣ ਪਿਛੋਂ ਭੀ ਉਹ ਧੁਨ ਉਵੇਂ ਹੀ ਗੂੰਜਦੀ ਹੈ ਇਕ ਵਿਸ਼ੇਸ਼ ਕੰਮ ਜੋ ਗੁਰਦੁਆਰਾ ਕਮੇਟੀ ਨਨਕਾਣਾ ਸਾਹਿਬ ਨੇ ਕੀਤਾ ਅਤੇ ਜਿਸ ਉਤੇ ਕਮੇਟੀ ਨੂੰ ਬਹੁਤ ਵਡੀ ਰਕਮ ਖਰਚ ਕਰਨੀ ਪਈ। ਉਹ ਬੰਬਈ ਜੈਸੇ ਅੰਤਰ ਰਾਸ਼ਟਰੀ ਸ਼ਹਿਰ ਵਿਚ ਗੁਰੂ ਨਾਨਕ ਖਾਲਸਾ ਕਾਲਜ ਦੀ ਤਿੰਨ ਮੰਜ਼ਲੀ ਇਮਾਰਤ ਦਾ ਉਸਾਰਨਾ ਅਤੇ ਕਾਲਜ ਖੋਹਲਨਾ ਸੀ। ਇਸ ਦੀ ਕਿਉਂ ਲੋੜ ਪਈ ਅਤੇ ਨਨਕਾਣਾ ਸਾਹਿਬ ਕਮੇਟੀ ਨੇ ਏਨੀ ਵਡੀ ਜ਼ਿਮੇਵਾਰੀ ਆਪਣੇ ਸਿਰ ਕਿਉਂ ਲਈ. ਇਹ ਲੇਖ ਇਸ ਗੱਲ ਦਾ ਵਿਸਥਾਰ ਮੰਗਦਾ ਹੈ ਵਰਨਾ ਸਮੇਂ ਦੇ ਪ੍ਰਬੰਧਕ ਇਸ ਦ ਲਈ ਹਮੇਸ਼ਾਂ ਜਵਾਬ ਦੇਹ ਰਹਿਣਗੇ। ਇਸ ਨੂੰ ਸਮਝਨ ਲਈ ਉਸ ਸਮੇਂ ਦੇ ਸਮਾਜ ਬਾਰੇ ਜਾਣਕਾਰੀ ਜ਼ਰੂਰੀ ਹੈ।

ਤਦੋਂ ਹਿੰਦੁਸਤਾਨ ਦੀ ਵਸੋਂ ਮੁਖੀ ਤੌਰ ਦੋ ਕੌਮਾਂ ਹਿੰਦੂ ਅਤੇ ਮੁਸਲਮਾਨਾਂ ਵਿਚ ਵੰਡੀ ਹਈ ਸੀ, ਕਈ ਥਾਂਈ ਟਾਂਵੇ੨ ਬੋਧੀ ਜੈਨੀ ਅਤੇ ਹਿੰਦੂ ਕਹੇ ਜਾਂਦੇ ਲੋਕਾਂ ਦੀਆਂ ਕਈ ਹੋਰ ਸ਼੍ਰੇਣੀਆਂ ਵੀ ਸਨ ਜਿਨ੍ਹਾਂ ਵਿਚ ਅਤਿ ਥੋੜੀ ਗਿਣਤੀ ਵਿਚ ਸਿਖ ਵੀ ਸਨ ਜਿਨਾਂ ਨੂੰ ਵੀ ਹਿੰਦੂ ਹੀ ਸਮਝਿਆ ਜਾਂਦਾ ਸੀ ਪ੍ਰੰਤੂ ਹਿੰਦੂਆਂ ਅੰਦਰ ਚੋਥਾਈ ਦੇ ਲਗਪਗ ਉਹ ਲੋਕ ਜਿਨਾਂ ਨੂੰ ਅਛੂਤ ਜਾਣਦੇ ਹੋਏ ਤਿੰਨ ਚੋਥਾਈ ਹਿੰਦੂ ਉਨ੍ਹਾਂ ਦੀ ਛੂਤ ਮੰਨਦੇ ਸਨ ਅਥਵਾ ਉਨ੍ਹਾਂ ਦੇ ਹਥੋਂ ਅੰਨ ਪਾਣੀ ਲੈਣਾ ਬਲਕਿ ਉਨ੍ਹਾਂ ਦੇ ਛੂਹ ਜਾਣ



Sri Satguru Jagjit Singh Ji eLibrary NamdhariElibrary@gmail.com

ਦੀ ਵੀ ਭਿਟ ਮੰਨਦੇ ਸਨ। ਅਜੇਹੇ ਅਛੂਤ ਕਹਿ ਜਾਂਦੇ ਲੋਕ ਸਮਾਜ ਵਿਚੋਂ ਛੇਕੇ ਗਏ ਹੋਇ ਸਨ ਅਤੇ ਉਨਾਂ ਤੋਂ ਦੂਜੇ ਤਿੰਨ ਚੌਥਾਈ ਹਿਦੂ ਘਿਰਣਾ ਕਰਦੇ ਸਨ ਬਲਕਿ ਉਨਾਂ ਦੀ ਵੇਖੋ ਵੇਖੀ ਕਹੇ ਜਾਂਦੇ ਸਿਖਾਂ ਨੂੰ ਵੀ ਜਿਨਾਂ ਦੀ ਗਿਣਤੀ ਦੇਸ਼ ਅੰਦਰ ਡੇਢ ਵੀ ਮਦੀ ਤੋਂ ਵਧ ਨਹੀਂ ਸੀ, ਭੈੜੀ ਨਜ਼ਰ ਵੇਖਿਆ ਜਾਂਦਾ ਸੀ ਅਜੇਹੀ ਹਾਲਤ ਵਿਚ ਕਹੇ ਜਾਂਦੇ ਅਛੂਤ ਹਿੰਦੂਆਂ ਨੇ ਆਪਣਾ ਹਿੰਦੂ ਪੁਣਾ ਛਡ ਕੇ ਕੋਈ ਹੋਰ ਧਰਮ ਯਥਾ ਮੁਸਲਮਾਨ ਈਸਈ ਆਦ ਬਣ ਜਾਣ ਦਾ ਮਨ ਬਨਾਇਆ ਬਲਕਿ ਨਜ਼ਾਮ ਹੈਦਰਬਾਦ ਨੇ ਅਛੂਤਾਂ ਵਿਚੋਂ ਮੁਸਲਮਾਨ ਬਨਣ ਵਾਲੇ ਲੋਕਾਂ ਲਈ ਸਰਕਾਰੀ ਖਜਾਨੇ ਦੇ ਬੂਹੇ ਵੀ ਖੋਹਲ ਰਖੇ ਸਨ ਜਿਸ ਗਲ ਦੀ ਵਡੀ ਚਰਚਾ ਸੀ। ਉਨ੍ਹਾ ਸਮਿਆਂ ਵਿਚ ਅਛੂਤਾਂ ਨੂੰ ਮੁਸਲਮਾਨ ਤਥਾ ਈਸਈ ਬਨਾਉਣ ਲਈ ਹਰ ਕੌਮ ਆਪੋ ਆਪ ਜਤਨਸ਼ੀਲ ਸੀ ਪ੍ਰੰਤੂ ਚੂੰ ਕਿ ਅਛੂਤਾਂ ਨੂੰ ਹਿੰਦੂ ਸਮਝਲਿਆਂ ਜਾਂਦਾ ਸੀ ਅਤੇ ਭਾਵੇਂ ਅਛੂਤ ਸਨ ਯਾ ਗੈਰ ਅਛੂਤ ਨੂੰ ਹਿੰਦੂ ਜਾਤੀ ਸਮਝਿਆ ਜਾਂਦਾ ਤੇ ਉਨਾਂ ਦੀ ਭਿਟ ਮੰਨ ਲਈ ਜਾਂਦੀ ਸੀ। ਇਹੋ ਕਾਰਨ ਸੀ ਕਿ ਅੰਮ੍ਰਿਤਸਰ ਹੋਈ ਇਕ ਕਾਨਫਰੰਸ ਵਿਚ ਉਨ੍ਹਾਂ ਨੇ ਸਿਖ ਬਨਣ ਦਾ ਵਿਚਾਰ ਪ੍ਰਗਟਾਇਆ। ਪਰ ਅਜੇਹੇ ਅਛੂਤਾਂ ਦੇ ਲੀਡਰ ਡਾਕਟਰ ਅੰਬੇਦਕਰ ਸਿਖਾਂ ਦੀ ਸਾਂਝੀਵਾਲਤਾ ਅਤੇ ਸਮਾਨਤਾ ਤੋਂ ਪ੍ਰਭਾਵਤ ਸੀ। ਚੁਨਾਂਚਿ...... ਅੰਮ੍ਰਿਤਸਰ ਗੱਲ ਬਾਤ ਅੰਦਰ 1919 ਵਿਚ ਸਿੱਖਾਂ ਦੀ ਇਕ ਕਾਨਫਰੰਸ ਵਿਚ ਡਾਕਟਰ ਅੰਬੇਦਕਰ ਨੇ ਖੁਲੇ ਸ਼ਬਦਾਂ ਵਿਚ ਸਿੱਖ ਧਰਮ ਦੇ ਹਕ ਵਿਚ ਇਹੋ ਜੇਹੇ ਕੁਝ ਸ਼ਬਦ ਕਹੇ ਹੀ ਨਹੀਂ ਸਗੋਂ ਆਪਣੀ ਜ਼ਾਤ ਮਹਾਰ ਸ੍ਰੇਣੀ ਵਿਚੋ ਚੇਦਾਂ ਪੜ੍ਹੇ ਲਿਖ ਅਛੂਤਾਂ ਨੂੰ ਪੰਜਾਬ ਵਿਚ ਪਹਿਲੋਂ ਪ੍ਰੋ. ਬਾਵਾ ਹਰਕਿਸ਼ਨ ਸਿੰਘ ਦੀ ਸਪੁਰਦਗੀ ਵਿਚ ਅਤੇ ਇਸ ਉਪ੍ਰੰਤ ਸਿਖ ਮਿਸ਼ਨਰੀ ਕਾਲਜ



Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤਸਰ ਵਿਚ ਦਾਖਲ ਕਰਵਾਇਆ ਜਿਥੋਂ ਉਨ੍ਹਾਂ ਸਿਖ ਧਰਮ ਦੀ ਸਟੱਡੀ ਉਪ੍ਰੰਤ ਆਪਣੀ ਬ੍ਰਾਦਰੀ ਵਿਚ ਗੁਰਮਤਿ ਦਾ ਪ੍ਰਚਾਰ ਕਰਨਾ ਸੀ।

ਇਨ੍ਹਾਂ ਦਿਨਾਂ ਵਿਚ ਹੀ ਨਨਕਾਣਾ ਸਾਹਿਬ ਕਮੇਟੀ ਨੇ ਇਥੋਂ ਦੇ ਮੈਨੇਜਰ ਸ. ਨਰੈਣ ਸਿੰਘ ਦੀ ਸਰਕਰਦਗੀ ਹੇਠ ਸੰਤ ਤੇਜਾ ਸਿੰਘ ਅਤੇ ਭਾਈ ਸਮੁੰਦ ਸਿੰਘ ਦੇ ਰਾਗੀ ਜੱਥੇ ਨੂੰ ਬੰਬਈ ਭੇਜਿਆਂ ਅਤੇ ਉਨ੍ਹਾਂ ਦਿਨਾਂ ਵਿਚ ਹੋਣ ਵਾਲੀ ਪੂਨੇ ਵਿਚ ਡਾਕਟਰ ਅੰਬੇਦਕਰ ਦੇ ਮੁਹਾਰ ਸ੍ਰੇਣੀ ਤੇ ਹੋਰ ਅਛੂਤਾਂ ਦੀ ਕਾਨਫਰੰਸ ਵਿਚ ਭਾਗ ਲੈਣ ਦਾ ਪ੍ਰਬੰਧ ਕੀਤਾ। ਨਨਕਾਣਾ ਸਾਹਿਬ ਕਮੇਟੀ ਵਲੋਂ ਪੂਨੇ ਵਿਚ ਅਛੂਤ ਕਾਨਫਰੰਸ ਦੇ ਪੰਡਾਲ ਲਾਗੇ ਸਿਖਾਂ ਵਲੋਂ ਗੁਰੂ ਕਾ ਲੰਗਰ ਲਗਾਇਆ ਗਿਆ ਜਿਸ ਵਿਚ ਅਛੂਤਾਂ ਨੇ ਖਾਣਾ ਪਕਾਇਆ ਅਤੇ ਸਾਂਝੀਆਂ ਪੰਗਤਾਂ ਲਗਾ ਕੇ ਅਛੂਤਾਂ ਅਤੇ ਹੋਰ ਲੋਕਾਂ ਨੇ ਇਕੱਠੇ ਖਾਣਾ ਖਾਧਾ, ਇਸ ਦਾ ਚੰਗਾ ਪ੍ਰਭਾਵ ਪਿਆ।

ਡਾਕਟਰ ਅੰਬੇਦਕਰ ਪਾਰਟੀ ਜੋ ਬਹੁਤੇ ਮੁਹਾਰ ਜਾਤੀ ਅਛੂਤ ਸਨ ਵਲੋਂ ਮੰਗ ਹੋਈ ਕਿ ਉਨ੍ਹਾਂ ਦੇ ਬਚਿਆਂ ਲਈ ਬੰਬਈ ਵਿਚ ਕਾਲਜ ਖੋਲ੍ਹਿਆ ਜਾਵੇ ਅਤੇ ਅਛੂਤਾ ਅੰਦਰ ਗੁਰਮਤਿ ਪ੍ਰਚਾਰ ਕਰਨ ਲਈ ਇਕ ਛਾਪਾਖਾਨਾ ਲਗਾ ਕੇ ਡਾਕਟਰ ਦਾ ਅਖਬਾਰ 'ਜਨਤਾ' ਚਾਲੂ ਕੀਤਾ ਜਾਵੇ।

ਪੂਨੇ ਦੀ ਕਾਨਫਰੰਸ ਉਪ੍ਰੰਤ ਅੰਮ੍ਰਿਤਸਰ ਵਿਚਾਰ ਹੋ ਕੇ ਸ੍ਰੋ. ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਨਕਾਣਾ ਸਾਹਿਬ ਕਮੇਟੀ ਨੇ ਇਹ ਦੋਨੋ ਮੰਗਾਂ ਪ੍ਰਵਾਨ ਕਰ ਲਈਆਂ, ਬੰਬਈ ਦੀ ਮਾਟੁੰਗਾ ਕਾਲੋਨੀ ਵਿਚ 17642 ਮੁਰੱਬਾ ਗਜ਼ ਜਗ੍ਹਾ ਕਾਲਜ ਲਈ ਛੇ ਰੁਪੈ ਪ੍ਰਤੀ ਗਜ਼ ਦੇ ਹਿਸਾਬ 179673 ਰੁਪੇ ਤੋ ਖਰੀਦ ਲਈ



Sri Satguru Jagjit Singh Ji eLibrary NamdhariElibrary@gmail.com

ਅਤੇ ਇਉਂ ਹੀ ਜਨਤਾ ਅਖਬਾਰ ਵਾਸਤੇ ਵੀ ਸਿੰਘ ਸਭਾ ਬੰਬਈ ਵਲੋਂ 75 ਹਜਾਰ ਰੁਪੈ ਦੀ ਜਗ੍ਹਾ ਖਰੀਦ ਕੇ ਪ੍ਰਿੰਟਿੰਗ ਪ੍ਰੈਸ ਲਗਾ ਦਿਤਾ ਗਿਆ। ਜਿਥੇ ਡਾਕਟਰ ਦਾ ਅਖਬਾਰ 'ਜਨਤਾ' ਪ੍ਰਕਾਸ਼ਤ ਹੋਣਾ ਸ਼ੂਰੂ ਹੋ ਗਿਆ।

ਕਾਲਜ ਵਾਸਤੇ ਖਰੀਦੀ ਜਗ੍ਹਾ ਦਾ ਕਬਜ਼ਾ ਲੈ ਕੇ ਗੁਰੂ ਨਾਨਕ ਖਾਲਸਾ ਕਾਲਜ ਦੀਆਂ ਨੀਹਾਂ ਭਰੀਆ ਜਾਣ ਲਗੀਆਂ ਪਰ ਕਾਲਜ਼ ਦੀ ਇਮਾਰਤ ਵਾਸਤੇ ਸਰਮਾਇ ਦੀ ਘਾਟ ਮਹਿਸੂਸ ਕਰਦੇ ਹੋਇ ਸ੍ਰੋਮਣੀ ਕਮੇਟੀ ਵਲੋਂ ਨਨਕਾਣਾ ਸਾਹਿਬ ਕਮੇਟੀ ਨੂੰ ਇਸ ਕਮ ਦੀ ਸੌਂਪਣਾ ਕੀਤੀ ਗਈ। ਕਮੇਟੀ ਵਲੋਂ ਇਥੋਂ ਦੇ ਮੈਨੇਜਰ ਸ੍ਰ. ਨਰੈਣ ਸਿੰਘ ਨੂੰ ਸਰੇਦਸਤ ਦੋ ਲਖ ਰੁਪੈ ਦੇ ਕੇ ਇਮਾਰਤ ਬਨਾਉਣ ਹਿਤ ਬੰਬਈ ਭੇਜਿਆ ਗਿਆ ਅਤੇ 22 ਮ ਰਚ ਸੰਨ 1937 ਨੂੰ ਨਰੈਣ ਸਿੰਘ ਨੇ ਕਾਲਜ ਦੀ ਇਮਾਰਤ ਬਨਾਉਣ ਦਾ ਚਾਰਜ ਲਿਆ।

ਬੰਬਈ ਵਿਚ ਕਾਲਜਾਂ ਦੇ ਦਾਖਲੇ 20 ਜੂਨ ਤੋਂ ਅਰੰਭ ਹੁੰਦੇ ਹਨ ਸੋ ਦਿਨ ਰਾਤ ਇਕ ਕਰਕੇ ਵੱਡੇ ਛੋਟੇ 40 ਕਮਰਿਆਂ ਦੀ ਤਿੰਨ ਮੰਜ਼ਲੀ ਇਮਾਰਤ 20 ਜੂਨ ਤਕ ਲਗ ਪਗ ਮੁਕੰਮਲ ਕਰਕੇ ਦਾਖਲਾ ਅਰੰਭ ਕਰ ਦਿਤਾ ਗਿਆ, ਪ੍ਰਿੰਸੀਪਲ ਦੀ ਸੇਵਾ ਪ੍ਰੋ. ਕਸ਼ਮੀਰਾ ਸਿੰਘ ਨੂੰ ਸੌਂਪੀ ਗਈ।

ਕਾਲਜ ਖੁਲ੍ਹਣ ਅਥਵਾ 20 ਜੂਨ 1937 ਤਕ ਕਾਲਜ ਦੀ ਤੀਜੀ ਮੰਜ਼ਲ ਦਾ ਦਰਮਿਆਨੇ 50 × 54 ਫੁਟ ਦੇ ਹਾਲ ਦੀ ਛਤ ਤੋਂ ਬਿਨਾਂ ਬਾਕੀ ਇਮਾਰਤ ਪੂਰੀ ਬਣ ਚੁਕੀ ਸੀ ਅਤੇ ਲਾਇਬਰੇਰੀ ਸਾਂਇੰਸ ਲਾਬਾਰੇਟਰੀ ਫਰਨਿਸ ਹੋ ਚੁਕੇ ਸਨ। ਜਿਸ ਕਾਲਜ ਦੀ ਇਮਾਰਤ ਬਨਾਉਣ ਸਮੇਂ ਦਸ ਲਖ ਰੁਪੈ ਦਾ ਐਸਟੀਮੇਟ ਬਣਿਆ



Sri Satguru Jagjit Singh Ji eLibrary NamdhariElibrary@gmail.com

ਸੀ, ਉਹ ਚਾਰ ਲਖ ਸਤਾਰਾਂ ਹਜ਼ਾਰ ਰੁਪੈ ਵਿਚ ਮੁਕੰਮਲ ਕੀਤਾ ਗਿਆ ਅਤੇ ਉਸੇ ਦਿਨ ਤੋਂ ਦਾਖਲਾ ਆਰੰਭ ਹੋ ਗਿਆ।

ਪ੍ਰੰਤੂ ਕਾਲਜ ਦੇ ਪ੍ਰਿੰਸੀਪਲ, ਸਟਾਫ ਅਤੇ ਹੋਰ ਸਾਰਾ ਕੁਛ ਨਵਾਂ ਅਤੇ ਹਾਲਾਤ ਤੋਂ ਨਾਵਾਕਫ ਹੋਣ ਕਾਰਨ ਕਾਲਜ ਦਾ ਪਹਿਲੇ ਸਾਲ ਦਾ ਦਾਖਲਾ ਆਸ ਤੋਂ ਬਹੁਤ ਘਟ ਹੋਇਆ ਜਿਸ ਕਰਕੇ ਇਸ ਸਾਲ ਦੇ ਖਰਚ ਪੂਰੇ ਕਰਨ ਲਈ ਨਨਕਾਣਾ ਸਾਹਿਬ ਕਮੇਟੀ ਨੂੰ 40, 50 ਹਜ਼ਾਰ ਰੁਪੈ ਆਪਣੇ ਫੰਡ ਵਿਚੋਂ ਦੇਣੇ ਪਏ।

ਇਹ ਗੱਲ 1937--38 ਦੀ ਹੈ। ਇਸ ਤੋਂ ਪਿਛੋਂ 1938-39 ਵਿਚ ਭੀ ਬੰਬਈ ਕਾਲਜ ਨੂੰ ਚੱਲਦਾ ਰਖਣ ਲਈ ਨਨਕਾਣਾ ਸਾਹਿਬ ਕਮੇਟੀ ਨੂੰ ਆਪਣੇ ਫੰਡ ਵਿਚੋਂ ਕਾਫ਼ੀ ਰਕਮ ਕਾਲਜ ਵਾਸਤੇ ਖਰਚ ਕਰਨੀ ਪਈ।

ਪ੍ਰੰਤੂ ਡਾਕਟਰ ਅੰਬੇਦਕਰ ਅਤੇ ਉਸ ਦੇ ਕਹੇ ਜਾਂਦੇ ਅਛੂਤ ਭਾਈਚਾਰੇ ਦੀ ਮੰਗ ਤੇ ਜਿਥੇ ਸਿਖ ਮੁਖੀਆਂ ਵਲੋਂ ਏਨਾ ਕੁਛ ਕੀਤਾ ਗਿਆ ਅਤੇ ਹੋਰ ਕੀਤਾ ਜਾ ਰਿਹਾ ਸੀ ਉਥੇ ਉਨਾਂ ਦਾ ਹਿੰਦੂ ਭਾਈਚਾਰਾ ਇਸ ਸੱਚ ਨੂੰ ਕੱਚ ਕਰ ਦੇਣ ਲਈ ਕਮਰ ਬਧੇ ਹੋਏ ਸੀ। ਪੰਡਤ ਮਦਨ ਮੋਹਨ ਮਾਲਵੀਆ ਜੋ ਕੇਂਦਰੀ ਭਾਰਤ ਸਰਕਾਰ ਦੀ ਕੈਬੇਨਿਟ ਦਾ ਮੈਂਬਰ ਹੋਣ ਕਰਕੇ ਅਛੂਤ ਜਾਤ ਲੋਕਾਂ ਨੂੰ ਵਿਸ਼ੇਸ਼ ਰਿਆਇਤਾਂ ਦਿਵਾ ਕੇ ਹਿੰਦੂ ਭਾਈਚਾਰੇ ਤੋਂ ਬਾਹਰ ਜਾਣ ਦੇ ਵਿਰੁਧ ਜਤਨ ਸ਼ੀਲ ਸੀ ਉਥੇ ਮਹਾਤਮਾ ਗਾਂਧੀ ਮਰਣ ਵਰਤ ਰਖ ਕੇ ਅਤੇ ਇਸ ਗਲ ਦਾ ਦਬਾਉ ਦੇ ਕੇ ਅਛੂਤ ਭਾਈਚਾਰੇ ਉਪਰ ਹਿੰਦੂ ਮਤ ਨ ਤਿਆਗਣ ਲਈ ਸਿਰ ਧੜ ਦੀ ਬਾਜ਼ੀ ਲਾਏ ਬੈਠਾ ਸੀ ਅਤੇ ਡਾਕਟਰ ਅੰਬੇਦਕਰ ਨੇ ਭੀ ਸਪਸ਼ਟ ਕਹਿ ਦਿਤਾ ਸੀ ਕਿ ਅਗਰ ਉਹ ਹਿੰਦੂ ਹੋਣਾ



Sri Satguru Jagjit Singh Ji eLibrary NamdhariElibrary@gmail.com

ਤਿਆਗ ਕੇ ਸਿਖ ਬਣ ਭੀ ਜਾਂਦਾ ਹੈ ਤਾਂ ਉਸ ਦੇ ਭਾਈਚਾਰੇ ਦੇ ਬਹੁਤ ਥੋੜੇ ਆਦਮੀ ਉਸ ਦਾ ਸਾਥ ਦੇਣਗੇ ਇਹ ਗਲ ਡਾਕਟਰ ਨੇ ਸਪਸ਼ਟ ਤੌਰ ਪੰਜਾਬ ਤੋਂ ਆਏ ਸਿਖ ਡੇਲੀਗੇਸ਼ਨ ਨੂੰ ਜਿਸ ਵਿਚ ਬੰਬਈ ਤੋਂ ਮੈਨੂੰ ਭੀ ਸ਼ਾਮਲ ਕਰ ਲਿਆ ਗਿਆ ਸੀ ਸਾਫ ਕਹਿ ਦਿਤੀ ਸੀ। ਡਾਕਟਰ ਦਾ ਸਾਨੂੰ ਇਉਂ ਕਹਿਣਾ, ਮਹਾਤਮਾ ਗਾਂਧੀ ਦਾ ਇਸ ਦੇ ਲਈ ਮਰਣ ਵਰਤ ਰਖ ਲੈਣਾ ਅਤੇ ਪੰਡਤ ਮਾਲਵੀਆ ਦਾ ਅਛੂਤਾਂ ਨੂੰ ਵਿਸ਼ੇਸ ਰਿਆਇਤਾਂ ਦਿਵਾਉਣਾ ਜੋ ਓਹ ਹਿੰਦੂ ਰਹਿ ਕੇ ਹੀ ਲੈ ਸਕਦੇ ਸਨ ਸਾਡੇ ਸਾਰੇ ਜਤਨਾਂ ਦੇ ਸਿਰ ਸੁਆਹ ਪਾਉਣ ਦੇ ਤੁਲ ਸੀ । ਪਰ ਸਿਖ ਆਪਣੇ ਭੋਲੇ ਭਾ ਚਾਤਰ ਹਿੰਦੂ ਲੀਡਰਜ਼ ਦੀ ਸੋਚਨੀ ਨੂੰ ਨ ਪਹੁੰਚ ਸਕੇ ਵਰਨਾ ਮਹਾਤਮਾ ਗਾਂਧੀ ਨੂੰ ਇਕੀ ਦਿਨ ਦੇ ਵਰਤ ਦਾ ਦਬਾਉ ਦੇਣ ਦੀ ਲੋੜ ਨਹੀਂ ਸੀ ਹਿੰਦੂ ਲੀਡਰਜ਼ ਇਉਂ ਸੋਚਦੇ ਸਨ ਕਿ ਜੇ ਦੇਸ਼ ਭਰ ਦੇ ਅੱਠ ਨੌਂ ਕਰੋੜ ਅਛੂਤ ਸਿਖ ਬਣ ਜਾਂਦੇ ਹਨ ਤਾਂ ਦੇਸ਼ ਅੰਦਰ ਇਕ ਹੋਰ ਅਕਲੀਅਤ (Minority) ਪੈਦਾ ਹੋ ਜਾਵੇਗੀ ਜਿਸ ਦੀ ਹਿੰਦੂ ਜਾਤੀ ਨੂੰ ਇਤਨੀ ਵਡੀ ਸਟ ਵਜੇਗੀ ਜੋ ਕਿਸੇ ਹਾਲਤ ਵਿਚ ਹਿੰਦੂ ਪੂਰੀ ਨਹੀਂ ਕਰ ਸਕਣਗੇ । ਇਸ ਘਾਟ ਤੋਂ ਬਚਨ ਲਈ ਹਿੰਦੂ ਲੀਡਰ ਵਧ ਤੋਂ ਵਧ ਕੁਰਬਾਨੀ ਦੇਣ ਲਈ ਤਿਆਰ ਸਨ, ਜਿਸ ਦੇ ਲਈ ਇਕ ਵੰਨੇ ਤਾਂ ਪੰਡਤ ਮਾਲਵੀਆ ਅਛੂਤਾਂ ਨੂੰ ਵਿਸ਼ੇਸ਼ ਰਿਆਇਤਾਂ ਦੇ ਕੇ ਹਿੰਦੂ ਜਨਤਾ ਵਿਚੋਂ 8, 9 ਕਰੋੜ ਮਨੁਖਾ ਦੇ ਨਿਕਲ ਜਾਣ ਦੀ ਘਾਟ ਬਰਦਾਸ਼ਤ ਨਹੀ ਕਰਦਾ ਸੀ ਜਿਸ ਤੋਂ ਬਚਣ ਲਈ ਮਹਾਤਮਾ ਗਾਂਧੀ ਮਰਨ ਵਰਤ ਦੁਆਰਾ ਦਬਾਉ ਦੇਣਾ ਚਾਹੁੰਦਾ ਸੀ। ਇਉਂ ਇਹ ਦੋਵੇਂ ਗਲਾਂ ਮਹਾਤਮਾ ਦਾ ਮਰਨਵਰਤ ਅਤੇ ਮਾਲਵੀਆ ਦਾ ਅਛੂਤਾਂ ਨੂੰ ਵਿਸੇਸ ਰਿਆਇਤਾਂ ਦਿਵਾਉਣਾ ਇਕੋ ਆਸੇ ਦੀ ਪੂਰਤੀ ਦੇ ਹੀ ਸਾਧਨ ਸਨ। ਜਿਨਾਂ ਵਿਚ ਸਫ਼ਲ ਹੋ ਕੇ ਉਨਾਂ ਭਾਰਤ ਨੂੰ



Sri Satguru Jagjit Singh Ji eLibrary NamdhariElibrary@gmail.com

ਇਕ ਹਿੰਦੂ ਦੇਸ਼ ਬਣਾਏ ਰਖਣਾ ਯਕੀਨੀ ਬਣਾ ਦਿਤਾ ਇਹ ਸੀ ਪੰਡਤ ਮਾਲਵੀਆ ਅਤੇ ਮਹਾਤਮਾਂ ਗਾਧੀ ਦੀ ਹਿੰਦੂ ਨਿਵਾਜ਼ੀ ਜਿਸ ਵਿਚ ਉਨਾਂ ਨੂੰ ਵਡੀ ਸਫਲਤਾ ਹੋਈ ਅਤੇ ਦੇਸ਼ ਦੀ ਅਠ ਨੋ ਕਰੋੜ ਜਨਤਾ ਨੂੰ ਹਮੇਸ਼ਾਂ ਲਈ ਉਨ੍ਹਾਂ ਅਪਨਾਅ ਲਿਆ ਅਥਵਾ ਸਿਖ ਬਨਣ ਤੋਂ ਰੋਕ ਲਿਆ।

ਇਹੋ ਸਮਾ ਸੀ ਜਦੋਂ ਮਿਰਜ਼ਾ ਕਾਦੀਆਂ ਨੇ ਅਪਣੀ ਪੈਗੰਬਰੀ ਦਾ ਢੰਡੋਰਾ ਦੇ ਕੇ ਕਾਦੀਆਂ ਦੇ ਗਿਰਦੋਨਵਾਹ ਵਿਚ ਮਿਰਜ਼ਈਆਂ ਨੂੰ ਮੁਸਲਮਾਨ ਦਾ ਇਕ ਵਖਰਾ ਗਿਰੋਹ ਕਾਇਮ ਕੀਤਾ ਸੀ ਇਉਂ ਹੀ ਹਿੰਦੂਆਂ ਵਿਚ ਬ੍ਰਹਮੋ ਸਮਾਜ, ਦੇਵ ਸਮਾਜ ਅਤੇ ਸੁਆਮੀ ਦਯਾਨੰਦ ਦੇ ਆਰੀਆ ਸਮਾਜ ਨੇ ਪੈਰ ਪਸਾਰਨੇ ਸ਼ੁਰੂ ਕੀਤੇ ਸਨ। ਇਹੋ ਸਮਾਂ ਸਿਖਾਂ ਅੰਦਰ ਸਿੰਘ ਸਭਾ ਦੀ ਜਾਗ੍ਰਤ ਦਾ ਸੀ ਜਿਸ ਦਾ ਵੀ ਉਕਤ ਹਿੰਦੂ ਸਮਾਜਾਂ ਨੇ ਡਟ ਕੇ ਵਿਰੋਧ ਕੀਤਾ। ਮਿਸਟਰ ਡੀ ਪੈਟਰੀ, ਜੋ ਤਦੋਂ ਭਾਰਤ ਦਾ ਸੀ. ਆਈ. ਡੀ. ਸਹਾਇਕ ਡਾਇਰੈਕਟਰ ਸੀ ਨੇ 11 ਅਗਸਤ 1911 ਨੂੰ ਆਪਣੇ ਇਕ ਕਥਨ ਵਿਚ ਕਿਹਾ ਸੀ।

'ਹਿੰਦੂ ਧਰਮ ਦੇ ਸਿਖਾਂ ਦੇ ਵਿਰੋਧ ਦਾ ਮੂਲ ਕਾਰਨ ਸਿਖ ਦਾ ਜਾਤ ਪਾਤ ਦਾ ਖੰਡਨ ਹੈ ਸਿਖ ਗੁਰੂ ਸਹਿਬਾਨ ਆਦ ਕਾਲ ਤੋਂ ਹਿੰਦੂ ਦੇ ਜਾਤ ਪਾਤੀ ਵਿਤਕਰੇ ਦੇ ਵਿਰੋਧ ਕਰਦੇ ਰਹੇ ਹਨ ਜਦੋਂ ਹਿੰਦੂ (ਬ੍ਰਾਹਮਣੀ) ਵਿਚਾਰ ਧਾਰਾ ਕਾਇਮ ਹੀ ਜਾਤ ਪਾਤ ਦੇ ਅਥਵਾ ਬ੍ਰਾਹਮਣ ਨੂੰ ਹਿੰਦੂ ਸਮਾਜ ਵਿਚ ਸਭ ਤੋਂ ਵਡਾ ਜਾਨਣ ਦੇ ਆਧਾਰ ਤੇ ਹੋਈ ਹੈ ਅਤੇ ਸਿਖਾਂ ਵਿਚ ਜਨਮ ਤੋਂ ਜ਼ਾਤ ਪਾਤ ਦਾ ਉਚਾ ਨੀਵਾਂ ਬਿਲਕੁਲ ਨਹੀਂ ਮੰਨਿਆ ਗਿਆ। ਡੀ ਪੈਟਰੀ ਦੇ ਕਥਨ ਅਨੁਸਾਰ ਬੁਧ ਧਰਮ ਦਾ ਗਲਾ ਘੁਟ ਦੇਣ ਦਾ ਕਾਰਨ ਭੀ ਜ਼ਾਤ ਪਾਤੀ ਧਾਰਾ ਹੀ ਸੀ ਹੁਣ ਹਿੰਦੂ ਨੇ ਸਿਖਾਂ ਸੰਬੰਧੀ



Sri Satguru Jagjit Singh Ji eLibrary NamdhariElibrary@gmail.com

ਉਹੋ ਰਾਹ ਫੜਿਆ ਜੋ ਉਨਾਂ ਨੇ ਬੋਧੀਆਂ ਦੇ ਦੇਸ਼ ਨਿਕਾਲਾ ਲੈਣ ਲਈ ਵਰਤਿਆ ਸੀ ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਫਰਮਾਇਆ ਹੈ 'ਮਾਣਸ ਕੀ ਜਾਤ ਸਭੈ ਏਕੋ ਪਹਿਚਨਬੋ' ਸਿਖ ਧਰਮ ਜਾਤ ਵਰਨ ਦੇ ਵਿਤਕਰੇ ਨੂੰ ਬਿਲਕੁਲ ਪ੍ਰਵਾਨ ਨਹੀਂ ਕਰਦਾ ਵਾਸਤਵ ਵਿਚ ਸਿਖਾਂ ਅੰਦਰ ਹਿਦੂ ਦੀ ਬ੍ਰਾਹਮਣ ਜਾਂ ਸੂਦਰ ਵਾਂਗ ਕਿਸੇ ਮਨੁਖ ਨੂੰ ਜਨਮ ਕਰਕੇ ਉਚ ਜਾਂ ਨੀਚ ਜਾਤ ਨਹੀਂ ਮੰਨਿਆ ਗਿਆ। ਇਸ ਦੇ ਅਨੇਕ ਸਬੂਤ ਹਨ ਪ੍ਰੰਤੂ ਹਿੰਦੂ ਅੰਦਰ ਜ਼ਾਤ ਪਾਤ ਊਚ ਨੀਚ ਦੇ ਵਿਚਾਰ ਨੇ ਅਤੇ ਸਿਖਾਂ ਦਾ ਆਮ ਵਰਤਾਰਾ ਹਿਦੂਆਂ ਨਾਲ ਹੋਣ ਕਰਕੇ ਸਿਖਾਂ ਨੇ ਹਿੰਦੂਆਂ ਪਾਸੋਂ ਇਹ ਵਿਤਕਰਾ ਲੈ ਲਿਆ ਹੋਇਆ ਹੈ ਵਾਸਤਵ ਵਿਚ ਸਿਖਾਂ ਅੰਦਰ ਵਡੀ ਛੋਟੀ ਜ਼ਾਤ ਰਖਣ ਦਾ ਵਿਚਾਰ ਹਰਗਿਜ਼ ਨਹੀ ਸੀਗੁਰੂ ਗੋਬਿੰਦ ਸਿੰਘ ਸਾਹਿਬ ਨੇ ਹਰ ਮਨੁਖ ਮਾਤਰ ਨਾਲ ਭਾਵੇਂ ਓਹ ਕਿਸੇ ਹਿੰਦੂ ਜ਼ਾਤ ਵਿਚੋਂ ਆਇਆ ਸੀ ਕੋਈ ਵਿਤਕਰਾ ਨਹੀਂ ਰਖਿਆ ਸੀ ਪਹਿਲੇ ਪੰਜ ਸਿਖ ਜਿਨਾ ਨੂੰ ਗੁਰੂ ਜੀ ਵਲੋਂ ਇਕੋ ਬਾਟੇ ਵਿਚ ਅੰਮ੍ਰਤ ਛਕਾ ਕੇ ਸਿਖ ਸਜਾਇਆ ਗਿਆ ਜਿਹੜਾ ਕਿ ਇਕ ਖਤਰੀ ਸੀ, ਦੂਜਾ ਜਟ, ਤੀਜਾ ਝੀਉਰ ਚੋਥਾ ਛੀਂਬਾ ਅਤੇ ਪੰਜਵਾਂ ਨਾਂਈ, ਪਰ ਅੰਮ੍ਰਤ ਛਕ ਕੇ ਸਾਰੇ ਇਕ ਸਾਰ ਖਾਲਸਾ ਅਤੇ ਇਕ ਨਾਮ ਸਿੰਘ ਸਜ ਗਏ ਸਨ ।



Sri Satguru Jagjit Singh Ji eLibrary NamdhariElibrary@gmail.com

# ਟਰੈਕਟ ਨੰਬਰ ੩੯੫ ਲਈ ਸਹਾਇਕ

1 ਸ੍ਰੀ ਗੁਰੂ ਸਿੰਘ ਸਭਾ ਪਟਿਆਲਾ ।
2 ਸ੍ਰੀ ਗੁਰੂ ਸਿੰਘ ਸਭਾ ਪੀਰੂ ਮਨੂਰ ਕੋਚੀਨ ।
3 ਗੁਰਬਾਣੀ ਪ੍ਰਚਾਰ ਕੇਂਦਰ ਹੁਸ਼ਿਆਰਪੁਰ ।
4 ਸ੍ਰੀ ਗੁਰੂ ਕਲਗੀਧਰ ਸੇਵਕ ਜਥਾ ਬੀਕਾਨੇਰ ।
5 ਬਾਬਾ ਤੇਜਾ ਸਿੰਘ ਟ੍ਰਸਟ ਵੈਸਟ ਪਟੇਲ ਨਗਰ, ਨਵੀਂ ਦਿੱਲੀ ।
6 ਸ. ਗੁਰਚਰਨ ਸਿੰਘ ਜਗਰਾਓਂ ।
7 ਸ. ਬਲਦੇਵ ਸਿੰਘ ਐਂਡ ਸੰਨਜ਼ ਜਗਰਾਓਂ ।
8 ਗਿਆਨੀ ਅਵਤਾਰ ਸਿੰਘ ਨੂਰਾਨੀ ਜੋਤਿ ਆਰਟ ਪ੍ਰੈਸ, ਜਗਰਾਓਂ ।
9 ਸ. ਸੁਰਜੀਤ ਸਿੰਘ, ਸੁਰਜੀਤ ਕੌਰ, ਨਵੀਂ ਬਸਤੀ, ਜਗਰਾਓਂ ।
10 ਸ. ਮਾਨ ਸਿੰਘ ਮੋਤੀ ਨਗਰ, ਨਵੀਂ ਦਿੱਲੀ ।
11 ਸ. ਇੰਦਰ ਸਿੰਘ, ਨਿਊ ਪ੍ਰੇਮ ਨਗਰ, ਲੁਧਿਆਣਾ ।
12 ਬੀਬੀ ਕਸ਼ਮੀਰ ਕੌਰ ਸੁਪਤਨੀ ਸ੍ਰ: ਬਚਨ ਸਿੰਘ ਵਿਨੀਪੈਗ, ਕੈਨੇਡਾ ।
13 ਸ. ਨਰਿੰਦਰਪਾਲ ਸਿੰਘ, ਨਿਰਮਾਣ ਵਿਹਾਰ ਨਵੀ ਦਿੱਲੀ ।
14 ਸ. ਦਲਜੀਤ ਸਿੰਘ ਨਿਆਮਤਪੁਰ, ਜਿਲਾ ਪੁਰਦਵਾਨ W. B.
15 ਸ. ਗੁਰਚਰਨ ਸਿੰਘ ਇੰਡੀਅਨ ਆਟੋਮੋਬਾਇਲਜ਼ ਕੁਰਨੂਲ A P
16 ਕੈਪਟਨ ਹਰਗੋਬਿੰਦ ਸਿੰਘ ਗੋਬਿੰਦ ਨਗਰ, ਡੇਹਰਾਦੂਨ ।
17 ਸ. ਇੰਦਰਜੀਤ ਸਿੰਘ ਸਰਾਭਾ ਨਗਰ, ਲੁਧਿਆਣਾ ।
18 ਸ. ਜੋਗਿੰਦਰ ਸਿੰਘ ਬੂਟਾ ਸਿੰਘ ਵਾਲਾ, ਪਟਿਆਲਾ ।

1 ਨਾਨਕ ਨਿਰਮਲ ਪੰਥ ਚਲਾਇਆ ਮੁੱਲ 10 ਰੁਪਏ ਇਲਾਵਾ ਡਾਕ ਖਰਚ ।
2 ਵਰਿਆਮ ਇਕੇਲਾ ... ਦੂਜੀ ਛਾਪ 15 ਰੁਪਏ ।
3 ਕਿਉਂ ਕੀਤ ਵੇਸਾਹੁ 10 ਰੁਪਏ ।
4 ਸਿੱਖ ਬੀਰਾਂ ਨੂੰ ਹਲੂਣਾ 7-50
5 ਜਥੇਦਾਰ ਕਰਤਾਰ ਸਿੰਘ ਝਬਰ 15 ਰੁਪਏ ।
6 ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ 1920-25 4 ਰੁਪਏ ।

ਮਿਸ਼ਨ ਦਾ ਸਾਲਾਨਾ ਚੰਦਾ 20/ ਇਕ ਵਾਰ ਜੀਵਨ ਪਰਯੰਤ ਚੰਦਾ 150/-
ਪਰਦੇਸ਼ਾਂ ਲਈ ਸਮੁੰਦਰੀ ਡਾਕ 300/- ਰੁਪੈ ਹਵਾਈ ਡਾਕ 500/- ਰੁਪਏ


ਪ੍ਰਕਾਸ਼ਕ
ਗੁਰੂ ਨਾਨਕ ਦੇਵ ਮਿਸ਼ਨ
ਪਟਿਆਲਾ

ਪਹਿਲੀ ਵਾਰ
ਅਪ੍ਰੈਲ - 1991

ਛਾਪਕ
ਐਨਸਨ ਪ੍ਰਿੰਟਰਜ਼
ਪਟਿਆਲਾ-ਫੋਨ 70564


Sri Satguru Jagjit Singh Ji eLibrary NamdhariElibrary@gmail.com